# ਵਤਨੋਂ ਦੂਰ

ਮਈ/ਜੂਨ 1981



## ਨਾਰੀ ਅੰਕ

"ONE-STOP" GROCERY CENTRE

# Victoria FoodCentre

## FIGURE ON SAVINGS

WHEN YOU FOOD SHOP HERE

master charge VISA

## FRESH

*Vegetables from Fiji*
*Every Week*

*SPECIAL SHIPMENT*
*JUST ARRIVED*

**LARGE VARIETY OF**
**RECORDS & 8-TRACKS**

**SPECIAL OFFER:**

**ALL SIZES**
**HEAVY-**
**BOTTOM**
**PATILAS**

ਹਰ ਸਾਈਜ਼ ਦੇ ਭਾਰੇ ਥੱਲੇ
ਵਾਲੇ ਪਤੀਲੇ ਦੀ ਸੇਲ

**CLEANLINESS**
**LOWEST PRICES — PURE & FRESH**
**QUALITY GROCERY ITEMS**

**5380 VICTORIA DRIVE [AT 38TH]**
**VANCOUVER**
**PH: 325-2933**

LITERARY & CULTURAL
BI-MONTHLY OF PANJABI

# THE WATNO DŪR

P.O.Box 67681 Stn.'O'
Vancouver, B.C. V5W 3V2

ਪੰਜਾਬੀ ਦਾ ਸਾਹਿਤਕ ਤੇ
ਸੱਭਿਆਚਾਰਕ ਦੋ ਮਾਸਿਕ - ਪੱਤਰ

# ਵਤਨੋਂ ਦੂਰ

P.O.Box 67681 Stn.'O'
Vancouver, B.C. V5W 3V2

| | | |
|---|---|---|
| 2nd Class Mail Reg. No. 3233 ANNUAL SUBSCRIPTION: Canada-U.S.A. $6.00 Other Countries SEA $6.00 AIR $9.00 | VOL. 9 NO. 86 MAY/JUNE 1981 | *All officeholders and members of WATNO DUR PUBLICATIONS (Reg'd.) past and present have been and are honorary associates of WATNO DUR.* |

**EDITOR:**
Sadhu, 437-9014

**ASSISTANT EDITOR:**
Sukhwant Hundal, 321-9221

**CIRCULATION EDITOR**
Amarjit Chahal, 581-0406

**ADVERTISING AND MANAGING EDITOR:**
Paul Binning, 879-3339

**ADVISER:**
Ajmer Rodey, 438-7793
Surinder Dhanjal, (403)-539-9614

**WATNO DUR REPRESENTATIVES:**

Raghbir Mand, 325-9564 Vancouver
Iqbal Ramuwalia, WATERLOO
Gill Avtar, Sherwood Park, Alta. (464-3851)
Dave Jatana, Prince Rupert 627-7209
Harnek Mann, Pr. George (564-6245)
J. S. Aulakh, Mission (826-4888)
Avtar Rodey, Quesnel (992-7578)
Tej Sandhu, Quesnel (992-6775)
Satwant Deepak, Edmonton 484-6423
Kashmira Singh Chaman, Calgary (248-2841)
Jagdev S. Jatana, Fort Nelson (774-6308)

Surinder Kailay
9-D, Sarabha Nagar
Ludhiana 141001
Punjab, India

Jasbir Bath
19 Summertrees Ave. L4920D
Greasby Merseyside
Liverpool, England

ਵਤਨੋਂ ਦੂਰ ਵਿਚ ਛਪੀਆਂ ਰਚਨਾਵਾਂ ਨਾਲ
ਵਤਨੋਂ ਦੂਰ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ;
ਵਿਚਾਰ ਲੇਖਕਾਂ ਦੇ ਆਪਣੇ ਨਿੱਜੀ ਹਨ।

## ਸੰਪਾਦਕੀ ਨੋਟ

ਵਤਨੋਂ ਦੂਰ ਦਾ ਇਹ ਮਈ-ਜੂਨ ਦਾ ਅੰਕ ਔਰਤ ਨੂੰ ਸਮਰਪਿਤ ਹੈ।
ਕੈਨੇਡਾ ਵਿਚ ਪੰਜਾਬੀ ਲੇਖਕਾਵਾਂ ਦੀ ਗਿਣਤੀ ਭਾਵੇਂ ਬਹੁਤੀ ਨਹੀਂ ਪਰ ਪੰਜਾਬੀ ਸਾਹਿਤ ਰਚਨਾ ਵਿਚ ਉਹ ਜੋ ਕੁਝ ਵੀ ਹਿੱਸਾ ਪਾ ਰਹੀਆਂ ਹਨ ਉਸ ਦਾ ਕੈਨੇਡਾ ਦੇ ਸਮੁੱਚੇ ਪੰਜਾਬੀ ਸਾਹਿਤ ਵਿਚ ਇਕ ਆਪਣਾ ਮਹੱਤਵ ਹੈ।
ਸਾਨੂੰ ਅਫ਼ਸੋਸ ਹੈ ਕਿ ਵਤਨੋਂ ਦੂਰ ਦੇ ਪਿਛਲੇ ਦੋ ਜਾਂ ਤਿੰਨ ਅੰਕਾਂ ਵਿਚ ਇਸ ਵਿਸ਼ੇਸ਼ ਅੰਕ ਬਾਰੇ ਜਾਣਕਾਰੀ ਦੀ ਨਹੀਂ ਦਿੱਤੀ ਜਾ ਸਕੀ; ਦੂਜਾ ਕਈ ਲੇਖਕਾਵਾਂ ਦੇ ਸਾਡੇ ਕੋਲ ਸਿਰਨਾਵੇਂ ਨਾ ਹੋਣ ਕਰਕੇ ਉਨ੍ਹਾਂ ਨੂੰ ਖ਼ਤਾਂ ਰਾਹੀਂ ਸੰਪਰਕ ਨਹੀਂ ਕੀਤਾ ਜਾ ਸਕਿਆ। ਕੈਨੇਡਾ ਦੀਆਂ ਸਾਰੀਆਂ ਪੰਜਾਬੀ ਲੇਖਕਾਵਾਂ ਨੂੰ ਅਪੀਲ ਹੈ ਕਿ ਉਹ ਆਪਣੇ ਸਿਰਨਾਵੇਂ ਤੇ ਟੈਲੀਫ਼ੂਨ ਨੰਬਰ ਵਤਨੋਂ ਦੂਰ ਅਦਾਰੇ ਨੂੰ ਜ਼ਰੂਰ ਭੇਜ ਦੇਣ ਤਾਂ ਜੋ ਭਵਿੱਖ ਵਿਚ ਅਜਿਹਾ ਅੰਕ ਕੱਢਣ ਵਿਚ ਸਾਰੀਆਂ ਲੇਖਕਾਵਾਂ ਦਾ ਸਹਿਯੋਗ ਪ੍ਰਾਪਤ ਕੀਤਾ ਜਾ ਸਕੇ।
ਇਕੋ ਇਹ ਗੱਲ ਵਿਸ਼ੇਸ਼ਤਾ ਵਾਲੀ ਹੈ ਕਿ ਬੀ.ਸੀ. ਵਿਚ ਅੰਗ੍ਰੇਜ਼ੀ ਲੇਖਕਾਵਾਂ ਦੀ ਗਿਣਤੀ ਕਾਫ਼ੀ ਤੇਜ਼ੀ ਵੱਧ ਰਹੀ ਹੈ ਤੇ ਉਨ੍ਹਾਂ 'ਚੋਂ ਬਹੁਤ ਸਾਰੀਆਂ ਲੇਖਕਾਵਾਂ ਅੰਤਰਰਾਸ਼ਟਰੀ ਸਾਹਿਤ ਵਿਚ ਵਿਸ਼ੇਸ਼ਤਾ ਵੀ ਰੱਖਦੀਆਂ ਹਨ। ਇਨ੍ਹਾਂ ਵਿਚੋਂ ਕੁਝ ਇਕ ਦੀਆਂ ਰਚਨਾਵਾਂ ਪੰਜਾਬੀ ਲੇਖਕਾਵਾਂ ਦੇ ਨਾਲ ਨਾਲ ਇਸ ਅੰਕ ਵਿਚ ਦਿੱਤੀਆਂ ਜਾ ਰਹੀਆਂ ਹਨ।

(ਇਸ ਅੰਕ ਦੀ ਸਹਾਇਕ ਸੰਪਾਦਿਕਾ)
ਸੁਰਜੀਤ ਕਲਸੀ

ਮੁੱਖ ਚਿੱਤਰ: ਔਰਤ: ਇਕ ਚੇਤੰਨ ਅੱਖ / ਸ.ਕ.

## PAUL'S PLUMBING & ELECTRICAL SUPPLY

PLUMBING & BATHROOM FIXTURES & SUPPLIES
HOT WATER TANKS
HOT WATER HEATING & SUPPLIES





ਖੁਸ਼ਖਬਰੀ! ਤੁਹਾਡੀ ਸਹੂਲਤ ਲਈ
ਪਲੰਬਿੰਗ, ਹੀਟਿੰਗ ਤੇ ਬਿਜਲੀ ਦੇ ਸਾਮਾਨ
ਦਾ ਸਟੋਰ ਆਪਣੇ ਭਾਈ ਓਮ ਪਾਲ
ਵਲੋਂ 32 ਐਵੀਨਿਊ ਲਾਗੇ 4774 ਮੇਨ
ਸਟਰੀਟ ਤੇ ਸੱਤੇ ਦਿਨ ਖੁੱਲਾ ਰਹਿੰਦਾ ਹੈ।

ਸਾਡੇ ਕੋਲ ਆਓ, ਪੰਜਾਬੀ 'ਚ ਗੱਲ
ਬਾਤ ਕਰੋ। ਹੋਰ ਜਾਣਕਾਰੀ ਪ੍ਰਾਪਤ ਕਰਨ
ਲਈ ਫੋਨ ਕਰੋ।

**872 3118**

**English-Punjab-Hindi Spoken**
**4774 Main St (at 32nd)**
**Vancouver ● 872-3118**
**Open Sunday — Parking at rear.**

## ਅਮਬੀਕਾ ਫੂਡਜ਼

ਵਧੀਆ ਤੇ ਸਸਤੀ ਗਰੋਸਰੀ ਲੈਣ ਲਈ
ਸਾਡੇ ਸਟੋਰ ਵਿਚ ਦਰਸ਼ਨ ਦਿਓ।

**Largest of it's kind in North America**

ਦੂਸਰਿਆ ਦੀ ਸੇਲ ਪ੍ਰਾਈਸ
ਸਾਡੀ ਰੈਗੂਲਰ ਪ੍ਰਾਈਸ ਹੁੰਦੀ ਹੈ।

**British Columbia's Finest Indian Grocery Store**

# 327-0295

5125 VICTORIA
DRIVE VANCOUVER

# VICON MEDIC PHARMACY

ਵਾਈਕਾਨ ਫਾਰਮੇਸੀ ਤੁਹਾਡੀ ਸਹੂਲਤ ਲਈ
6407 MAIN ST. ਤੇ ਖੁੱਲ੍ਹ ਗਿਆ ਹੈ। ਇਥੇ
ਤੁਸੀਂ ਦਵਾਈਆਂ ਅਤੇ ਹੋਰ ਮੈਡੀਕਲ ਸਾਮਾਨ ਬਹੁਤ
ਹੀ ਸਸਤੀਆਂ ਕੀਮਤਾਂ ਤੇ ਖਰੀਦ ਸਕਦੇ ਹੋ।
ਖੁਦ ਆਓ ਤੇ ਅਜ਼ਮਾ ਕੇ ਦੇਖੋ।

**TEL: 324-3177**

**KENNY K. H. NG** B.Sc. (PHARM.) R.P.E.B.C.

**PAUL C. Y. FU** B.Sc. (PHARM.) R.P.E.B.C.

**6407 MAIN ST.**
**VANCOUVER, B.C. V5W 2V5**

# Inflation-resistant Insurance

**BUS: 682-7531**

**RES: 254-5837**



Sudesh Kalia

## "I've got a plan to help you build a better tomorrow."

REDUCE YOUR INCOME TAX AND BUILT
A GUARANTEED PENSION
MAKE THAT CALL NOW

**NORTH AMERICAN LIFE**
1010-1090 West Georgia St., Vancouver,

# ਔਰਤ: ਹਾਦਸਿਆਂ ਦਾ ਹਜੂਮ



ਸੁਰਜੀਤ ਕਲਸੀ

## (ਇਕ)

ਇਕ ਸ਼ਾਮ ਕਿਸੇ ਦੇ ਘਰ ਵਿਆਹ ਦੀ ਪਾਰਟੀ ਵਿੱਚ ਅਚਾਨਕ ਮੈਂ ਉਹ ਚਿਹਰਾ ਵੇਖ ਕੇ ਅਚੰਭੇ ਵਿੱਚ ਪੈ ਗਈ; ਉਹੀ ਨਕਸ਼ ਤਿੱਖਾ ਨੱਕ, ਮੋਟੀਆਂ ਮੋਟੀਆਂ ਅੱਖਾਂ, ਪਰ ਵਾਲ ਅਧਿਓਂ ਵੱਧ ਚਿੱਟੇ ਹੋ ਚੁੱਕੇ ਸਨ। ਕੁਝ ਦੇਰ ਮੈਂ ਉਸ ਵੱਲ ਘੂਰ ਘੂਰ ਕੇ ਵੇਖਦੀ ਰਹੀ ਫਿਰ ਆਪਣੀ ਹੈਰਾਨੀ ਦੂਰ ਕਰਨ ਲਈ ਪੁੱਛ ਹੀ ਲਿਆ –

"ਤੁਹਾਡਾ ਨਾਂ ਦੀਪਇੰਦਰ ਹੈ ਨਾਂ? ਉਹ ਕੁਝ ਘਬਰਾਈ ਫਿਰ ਜਿਵੇਂ ਪਛਾਣ-ਦਿਆਂ ਕਹਿਣ ਲੱਗੀ "ਹਾਂ, ਮੈਂ ਵੀ ਵੇਖਦੀ ਸਾਂ ਤੁਹਾਨੂੰ ਕਿਤੇ ਵੇਖਿਆ ਹੈ ਪਰ ਯਾਦ ਨਹੀਂ ਸੀ ਆ ਰਿਹਾ।"

ਵੀਹ ਸਾਲ ਬਾਦ ਮਿਲੀਆਂ ਇਹ ਦੋ ਸਹੇਲੀਆਂ ਦੀ ਦਾਸਤਾਨ ਹੈ। ਸਮਾਂ ਕਿਸੇ ਨੂੰ ਮਾਫ਼ ਨਹੀਂ ਕਰਦਾ। ਮੇਰੇ ਸਿਰ ਦੇ ਵਾਲਾਂ ਵਿੱਚ ਤਾਂ ਕੋਈ ਕੋਈ ਤਾਰ ਚਿੱਟੀ ਚਮਕਦੀ ਸੀ ਪਰ ਦੀਪੀ ਦਾ ਤਾਂ ਅਧਿਉਂ ਵੱਧ ਸਿਰ ਚਿੱਟਾ ਹੋ ਗਿਆ ਸੀ। ਅਸੀਂ ਭੀੜ ਭੜੱਕੇ ਤੋਂ ਪਰ੍ਹੇ ਹੋ ਕੇ ਇਕ ਨੁੱਕਰ ਵਿੱਚ ਬੈਠ ਗਈਆਂ - ਅੱਗੋਂ ਜੋ ਕੁਝ ਦੱਸਿਆ ਸੁਣ ਨਹੀਂ ਸੀ ਹੁੰਦਾ.....

ਉਸਨੂੰ ਕੋਈ ਭੱਦਰਪੁਰਸ਼ ਵਿਆਹ ਕੇ ਇੰਡੀਆ ਹੀ ਛੱਡ ਆਇਆ ਸੀ। ਇਹ ਲਾਰਾ ਲਾ ਕੇ ਕਿ ਉਹ ਜਾਂਦਾ ਹੀ ਉਸਨੂੰ ਮੰਗਵਾ ਲਏਗਾ.... ਪਰ ਦੋ ਸਾਲ ਉਡੀਕ ਕਰਦਿਆਂ ਬੀਤ ਗਏ ਉਸਦੇ ਪਤੀ ਨੇ ਇਕ ਵਾਰ ਅਰਜ਼ੀ ਭਰਕੇ ਮੁੜ ਚਿੱਠੀ ਹੀ ਨਾ ਪਾਈ ਨਾ ਪਤਾ ਨਾ ਸੁਤਾ.... ਹਾਰਕੇ ਦੀਪੀ ਖੁਦ ਹੀ ਮਾਂ ਪਿਉ ਤੋਂ ਟਿਕਟ ਮੰਗਾ ਕੇ ਨਾਲ ਦੋ ਸਾਲਾਂ ਦੀ ਧੀ ਨੂੰ ਲੈ ਕੇ ਕਨੈਡਾ ਆ ਗਈ... ਬੀ ਐੱਡ ਤੱਕ ਪੜ੍ਹੀ ਹੋਈ ਦੀਪੀ ਨੇ ਆਪਣੇ ਪਤੀ ਦਾ ਪਤਾ ਛੇਤੀ ਹੀ ਲੱਭ ਲਿਆ ਤੇ ਜਾ ਬੂਹਾ ਖੜਕਾਇਆ। ਉਸਦਾ ਪਤੀ ਉਸਨੂੰ ਵੇਖਕੇ ਇਕ ਦਮ ਘਬਰਾ ਗਿਆ ਪਰ ਉਸ ਨੂੰ ਹੁਣ ਨਾਂਹ ਵੀ ਨਹੀਂ ਸੀ ਕਰ ਸਕਦਾ। ਅੰਦਰ ਆ ਕੇ ਵੇਖਿਆ ਤਾਂ ਦੀਪੀ ਦੇ ਪੈਰਾਂ ਹੇਠੋਂ ਜ਼ਮੀਨ ਹੀ ਨਿਕਲ ਗਈ ਕੋਈ ਹੋਰ ਔਰਤ ਸਾਹਮਣੇ ਸੋਫੇ ਤੇ ਬੈਠੀ ਮੁਸਕਰਾ ਰਹੀ ਸੀ ਤੇ ਘਬਰਾਹਟ ਭਰੇ ਲਫ਼ਜ਼ਾਂ 'ਚ ਬੋਲੀ "ਬਿੱਲ, who's she?" ਬਿੱਲ ਦੀਪੀ ਦਾ ਪਤੀ ਕਦੀ ਦੀਪੀ ਵੱਲ, ਕਦੇ ਉਸ ਫੈਸ਼ਨੇਬਲ ਔਰਤ ਵੱਲ ਵੇਖੀ ਜਾਏ... ਤੇ ਹੱਸ ਕੇ ਕਿਚਨ ਵਿੱਚ ਚਲਾ ਗਿਆ... ਦੀਪੀ ਮਗਰੇ...." ਦੱਸੋ ਜੀ, ਇਹ ਕੌਣ ਹੈ?" ਦਲਬੀਰ (ਬਿੱਲ) ਲੋਹਾ ਲਾਖਾ ਹੁੰਦਾ · ਬੋਲਿਆ " ਤੈਨੂੰ ਪਤਾ ਨਹੀਂ ਸੀ ਮੈਂ ਇਥੇ ਕਿੰਨਾਂ ਮੁਸੀਬਤਾਂ ਵਿੱਚ ਫਸਿਆ ਹੋਇਆਂ, ਤੈਨੂੰ ਚਾਹੀਦਾ ਸੀ ਤੂੰ ਮੈਨੂੰ ਤਾਰ ਜਾਂ ਖੱਤ ਪਾ ਕੇ ਆਉਂਦੀ"- ਤੇ ਜਦੋਂ ਦੀਪੀ ਨੇ ਦੱਸਿਆ ਕਿ ਉਹਨਾਂ ਦੀ ਬੇਟੀ ਪੂਰੇ ਦੋ ਸਾਲ ਦੀ ਹੋ ਗਈ ਹੈ ਤਾਂ ਦਲਬੀਰ ਇਕ ਦਮ ਮੁੱਕਰ ਗਿਆ, ਜਿਵੇਂ ਉਸਨੂੰ ਬਹਾਨਾ ਮਿਲ ਗਿਆ ਹੋਵੇ...." ਬਦਚਲਨੇ, ਕਮਜ਼ਾਤੇ.... ਇਹ ਕਿਸ ਦਾ ਪਾਪ ਹੈ ਜੋ ਮੇਰੇ ਸਿਰ ਮੜ੍ਹਨ ਲਈ ਸੱਤ ਸਮੁੰਦਰੋਂ ਪਾਰ ਆਈ ਹੈਂ"- ਦੀਪੀ ਨੂੰ ਜਿਵੇਂ ਅੱਖਾਂ ਅੱਗੇ ਹਨੇਰਾ ਆਉਂਦਾ ਜਾਪਿਆ ਤੇ ਉਹ ਉਥੇ ਹੀ ਚੱਕਰ ਖਾ ਕੇ ਡਿੱਗ ਪਈ.......

ਬੜਾ ਕੁੱਝ, ਲੜਾਈ ਝਗੜਾ ਖੇਹ ਖਰਾਬੀ ਹੁੰਦੀ ਰਹੀ- ਪਰ ਦੀਪੀ ਲਈ ਪਤੀ ਦੇ ਘਰ ਵਿੱਚ ਕੋਈ ਥਾਂ ਨਾਂ ਬਣ ਸਕੀ ਤੇ ਦਲਬੀਰ ਨੇ ਸਾਫ਼ ਸਾਫ਼ ਲਫ਼ਜ਼ਾਂ ਵਿੱਚ ਕਹਿ ਦਿੱਤਾ...." ਮੈਂ ਤੇਰੇ ਨਾਲ ਕਦੀ ਨਹੀਂ ਰਹਿ ਸਕਦਾ, ਮੈਂ ਤੈਨੂੰ ਨਹੀਂ ਚਾਹੁੰਦਾ... ਸਾਡਾ ਵਿਆਹ ਇਕ ਢੌਂਗ ਸੀ,..... ਮੇਰਾ ਵਿਆਹ ਇਸ ਔਰਤ ਗੁਲਸ਼ਨ ਨਾਲ ਹੋ ਚੁੱਕਾ ਹੋਇਆ ਸੀ ਜੋ ਕਨੇਡਾ ਦੇ ਕਨੂੰਨ ਅਨੁਸਾਰ ਇਹ ਮੇਰੀ ਪਤਨੀ ਹੈ"— ਫੇਰ ਮਾਮਲਾ ਕੋਰਟ ਤੱਕ ਚਲਾ ਗਿਆ - ਸਾਰੇ ਸਬੂਤ ਵੇਖੇ ਪਏ, ਮੁਕੱਦਮਾਂ ਦੋ ਸਾਲ ਚਲਦਾ ਰਿਹਾ... ਹਾਰ ਕੇ ਮੈਨੂੰ ਇਮੀਗ੍ਰੇਸ਼ਨ ਮਿਲ ਗਈ ਤੇ ਸਾਡਾ ਤਲਾਕ ਹੋ ਗਿਆ... ਬੱਸ ਉਦੋਂ ਤੋਂ ਹੀ ਇੱਥੇ ਮੈਂ ਤੇ ਮੇਰੀ ਧੀ ਰਹਿ ਰਹੀਆਂ ਹਾਂ - ਕੰਮ ਕਰਦੀ ਹਾਂ - ਗੱਡੀ ਪਰੂਨ ਚਲੀ ਜਾਂਦੀ ਹੈ - ਇਸ ਤਰ੍ਹਾਂ ਜਿੰਦ ਹੀ ਗੁਜ਼ਰ ਰਹੀ ਹੈ... ਉਹ ਤਾਂ ਅਠਾਰਾਂ ਸਾਲ ਪੁਰਾਣੀ ਗੱਲ ਚੇਤੇ ਵੀ ਨਹੀਂ ਸੀ.. ਪਰ ਤੇਰੇ ਨਾਲ ਦੁੱਖ ਸਾਂਝਾ ਕਰਕੇ ਸਾਰੇ ਜ਼ਖਮ ਹਰੇ ਹੋ ਆਏ ਨੇ, ਇੰਜ ਜਾਪਿਐ ਜਿਵੇਂ ਕਲ੍ਹ ਦੀ ਗਲ ਹੋਵੇ... ਤੇ ਉਸਦੀਆਂ ਅੱਖਾਂ ਡੁਬ ਡੁਬਾ ਆਈਆਂ.....

## (ਦੋ)

ਪਹਿਲੋਂ ਕਈ ਸਾਲ ਤਾਂ ਮੇਰੇ ਪਤੀ ਨੇ ਮੇਰੀ ਤੇ ਆਪਣੀਆਂ ਤਿੰਨਾਂ ਕੁੜੀਆਂ ਦੀ ਅਰਜ਼ੀ ਹੀ ਨਾਂ ਭਰੀ। ਵੱਡੀ ਧੀ ਜਦੋਂ ਵੀਹ ਸਾਲਾਂ ਦੀ ਹੋ ਗਈ ਤਾਂ ਮੈਨੂੰ ਸਾਰੀ ਸਾਰੀ ਰਾਤ ਨੀਂਦ ਨਾਂ ਆਇਆ ਕਰੇ, ਘਰ 'ਚ ਜਵਾਨ ਕੁੜੀਆਂ, ਪਿਉ ਪ੍ਰਦੇਸੀ... ਮੈਂਡੀ ਚੰਗੀ ਨਜ਼ਰ ਨਾਲ ਕੋਈ ਵੇਖਦੇ ਨੇ, ਹਾਏ ਹਾਏ ਜੇ ਕੁਝ ਮਾੜਾ ਵਰਤ ਗਿਆ ਤਾਂ ਇਕੱਲੀ ਕੀ ਕਰਾਂਗੀ'... ਜੋ ਮਿੰਨਤਾ ਤਰਲੇ ਕਰ ਕਰ ਕੇ ਚਿੱਠੀਆ ਵਿੱਚ ਇਨ੍ਹਾਂ ਦੇ ਪੇ ਨੂੰ ਕਿਹਾ ਕਿ ਚੱਲ ਮੈਨੂੰ ਨਹੀਂ ਤਾਂ ਕੁੜੀਆਂ ਨੂੰ ਜ਼ਰੂਰ ਕੋਲ ਲੈ ਜਾ। ਚੱਲੋ ਰੱਬ ਨੇ ਸੁਣ ਲਈ, ਉਹਦੇ ਮਨ ਮਿਹਰ ਪੈ ਗਈ... ਤੇ ਅਸੀਂ ਕਨੇਡਾ ਆ ਗਈਆਂ। ਹਫਤਾ ਦਸ ਦਿਨ ਤਾਂ ਚੰਗੇ ਲੰਘ ਗਏ, ਫਿਰ ਇਹਨਾਂ ਦਾ ਪਿਉ ਲੱਗ ਪਿਆ ਇਥੋਂ ਦੇ ਹੋਰ ਤਰੀਕੇ ਦੱਸਣ --- ਜੇ ਤਾਂ ਪੜ੍ਹਨ ਲਗਾਣਾ ਕੁੜੀਆਂ ਨੂੰ ਤਾਂ ਦੇਖ ਲੈ, ਪਿੰਡ ਦੀਆਂ ਅੱਠ ਦੱਸ ਪੜ੍ਹੀਆਂ ਨੇ, ਅੰਗਰੇਜ਼ੀ ਆਉਂਦੀ ਨੀਂ, ਕਿਵੇਂ ਇਥੇ ਸਕੂਲਾਂ ਵਿੱਚ ਪੜ੍ਹ ਸਕਦੀਆਂ ਨੇਂ--- ਜੋ ਪੜ੍ਹਾਈ ਦਾ ਤਾਂ ਜ਼ਿਕਰ ਹੀ ਮੁਕੇ ਦਿੱਤਾ... ਪਰ ਫੇਰ ਉਹੀ ਉਹਦਾ ਤੱਤਾ ਮੂਡ... ਸ਼ਾਮੀਂ ਕੰਮ ਤੋਂ ਆ ਕੇ ਅੱਧੀਆ ਪੀ ਕੇ ਲੱਗ ਪਿਆ ਕਰੇ ਬੋਲਣ... ਤੁਹਾਨੂੰ ਉਥੇ ਕੀ ਦੁੱਧ ਪੈਂਦਾ ਸੀ.. ਚੰਗੀ ਰੋਟੀ ਖਾਣੀ ਜਾਂਦੀਆਂ ਸੀ... ਉਹ ਇੱਥੋਂ ਦੇ ਤਾਂ ਖਰਚ ਹੀ ਨਹੀਂ ਸਾਹ... ਜਾਂ ਤਾਂ ਕੰਮਾਂ ਨੂੰ ਨਿਕਲ ਜਾਇਆ ਕਰੋ। ਪਹਿਲਾਂ ਪਹਿਲ ਤਾਂ ਮੈਂ ਸੋਚਿਆ... ਇਹਦੀ ਮੱਤ ਨੂੰ ਕੀ ਹੋ ਗਿਆ ਭਲਾ ਇੰਡੀਆ ਵਿੱਚ ਪਿੰਡਾਂ ਦੀਆਂ ਬੁੜੀਆਂ ਕੁੜੀਆਂ ਬਾਹਰ ਕੰਮੀ ਜਾਇਆ ਕਰਦੀਆਂ ਸਨ? ਹੋਇਆ ਖੂਹ ਖੇਤੀਂ ਰੋਟੀ ਲੈ ਗਈਆਂ, ਸਾਗ ਤੋੜ ਲਿਆਂਦਾ....। ਪਰ ਸਮਝ ਨਾਂ ਪਈ ਕਿਹੜੇ ਕੰਮ ਜਾਈਏ ਫਿਰ ਉਹਨੂੰ ਪੁੱਛਿਆ - ਆਖਣ ਲੱਗਾ... ਇੰਡੀਆਂ ਦੀ ਹੋਰ ਗੱਲ ਸੀ, ਇਹ ਕਨੇਡਾ ਹੈ... ਜਿੰਨੇ ਜੀ ਘਰ ਦੇ ਉਨੇ ਹੀ ਕਮਾਉ ਚਾਹੀਦੇ ਨੇ..." ਕਲ੍ਹ ਨੂੰ ਠੇਕੇਦਾਰ ਨਾਲ ਗੱਲ ਕਰ ਦੂੰਗਾ ਫਾਰਮਾਂ ਵਿੱਚ ਜਾਂਦੀਆ ਰਹਿਓ...। ਪਹਿਲਾਂ ਪਹਿਲ ਤਾਂ ਇਹ ਗੱਲਾਂ ਬੜੀਆਂ ਓਪਰੀਆਂ ਲੱਗਦੀਆਂ ਸਨ ਪਰ ਫਾਰਮਾ 'ਚ ਜਾ ਕੇ ਵੇਖਿਆ ਬਹੁਤ ਸਾਰੀਆਂ ਆਪਣੀਆਂ ਕੁੜੀਆਂ ਬੁੜ੍ਹੀਆਂ ਖੁੰਭਾਂ ਪੁੱਟਣ ਜਾਂਦੀਆਂ ਸਨ। ਅਸੀਂ ਵੀ ਚਾਰ ਮਹੀਨੇ ਲਾਏ, ਫਿਰ ਕੰਮ ਬੰਦ ਹੋ ਗਿਆ ਅਸੀਂ ਘਰ ਬੈਠ ਗਈਆਂ, ਪਰ ਘਰ ਬੈਠੀਆਂ ਅਸੀਂ ਉਸਨੂੰ ਰੜਕਦੀਆਂ ਸਾਂ ਫਿਰ ਲੜਾਈ ਝਗੜਾ ਰਹਿਣ ਲੱਗਾ, ਗੱਲ ਮਾਰ ਕੁਟਾਈ ਤੱਕ ਵੀ ਪਹੁੰਚ ਜਾਂਦੀ। ਹਾਰ

ਕੇ ਵੱਡੀ ਕੁੜੀ ਤਾਂ ਮੇਰੀ ਘਰੋਂ ਨਿਕਲ ਗਈ ਮੈਂ ਉਹਨੂੰ ਕਿੰਨੇ ਲਾਡਾਂ ਨਾਲ ਪਾਲਿਆ ਸੀ। ਉਸਦੇ ਮੂੰਹ ਤੇ ਪਏ ਨੀਲ ਮੈਥੋਂ ਵੀ ਵੇਖ ਨਾਂ ਹੁੰਦੇ ਤੇ ਅੱਜ ਤੱਕ ਪਤਾ ਨਹੀਂ ਉਹ ਕਿਸ ਖੂਹ ਖਾਤੇ ਵਿੱਚ ਜਾ ਪਈ ਹੈ ਨਾਂ ਹੀ ਉਸਦੇ ਪਿਉ ਨੇ ਲੱਭਣ ਦੀ ਕੋਸ਼ਿਸ਼ ਕੀਤੀ ਹੈ। ਸਗੋਂ ਕਹਿ ਛੱਡਦੈ ਇਹਨਾਂ ਦੋਹਾਂ ਨੂੰ ਵੀ ਕਹਿ ਛੱਡ ਕਿਧਰੇ ਮੂੰਹ ਕਾਲਾ ਕਰ ਲੈਣ---ਉਸ ਦੀਆਂ ਅੱਖਾਂ 'ਚੋਂ ਤਪ ਤਪ ਅਥਰੂ ਗੱਲਾਂ ਤੇ ਵਗ ਪਏ.....।

(ਤਿੰਨ)

ਸੰਗਮਰਮਰ ਦੀ ਮੂਰਤ ਵਰਗੀ ਉਹ ਗੋਰੀ ਔਰਤ ਜਦੋਂ ਵੀ ਉਦਾਸ ਹੁੰਦੀ ਜਾਂ ਕਿਧਰੋਂ ਕੋਈ ਭੈੜੀ ਚਿੱਠੀ ਆਉਂਦੀ ਤਾਂ ਉਹ ਭੱਜ ਕੇ ਮੇਰੇ ਘਰ ਆਉਂਦੀ। ਉਸਦੇ ਨਾਲ ਉਸਦਾ ਪੰਜਾਂ ਕੁ ਸਾਲਾਂ ਦਾ ਪੁੱਤਰ ਵੀ ਹੁੰਦਾ, ਜਿਸਦਾ ਚਿਹਨ ਚੱਕਰ ਰੰਗ ਢੰਗ ਸੱਭ ਕੁਝ ਮੂੰਹ ਬੋਲਦੇ ਸਨ ਕਿ ਉਹ ਇਕ ਪੰਜਾਬੀ ਬਾਪ ਦਾ ਪੁੱਤਰ ਸੀ। ਉਸ ਔਰਤ ਦਾ ਕਹਿਣਾ ਸੀ ਕਿ ਉਸਨੂੰ ਪੰਜਾਬੀ ਲੋਕਾਂ ਨਾਲ ਖਾਸ ਲਗਾਉ ਹੈ ਤੇ ਉਹ ਇਸੇ ਤਰ੍ਹਾਂ ਇਕ ਪਾਰਟੀ ਵਿੱਚ ਮੇਰੀ ਮਿੱਤਰ ਬਣ ਗਈ ਸੀ।

ਉਸਨੇ ਅੱਜ ਤੋਂ ਛੇ ਸਾਲ ਪਹਿਲਾਂ ਇਕ ਪੰਜਾਬੀ ਨੌ-ਜਵਾਨ ਨਾਲ ਵਿਆਹ ਕਰਵਾਇਆ ਸੀ ਪਰ ਮਗਰੋਂ ਪਤਾ ਲੱਗਾ ਕਿ ਉਹ ਤਾਂ ਸਿਰਫ ਇਮੀਗ੍ਰੇਸ਼ਨ ਵਾਸਤੇ ਹੀ ਵਿਆਹ ਕਰਵਾਉਣਾ ਚਾਹੁੰਦਾ ਸੀ ਕਿਉਂਕਿ ਪਿੱਛੇ ਇੰਡੀਆ ਉਸਦੀ ਵਹੁਟੀ ਤੇ ਦੋ ਬੱਚੇ ਵੀ ਸਨ। ਫਿਰ ਉਸਦਾ ਇਹ ਫਰਾਡ ਇੱਕ ਦਿਨ ਨੰਗਾ ਹੋ ਗਿਆ ਜਦੋਂ ਇਮੀਗ੍ਰੇਸ਼ਨ ਵਾਲਿਆਂ ਉਸਨੂੰ ਵਾਪਸ ਇੰਡੀਆ ਭੇਜ ਦਿਤਾ। ਉਸਦੇ ਵਿਆਹ ਦੇ ਸਾਰੇ ਪਰੂਫ ਉਨ੍ਹਾਂ ਨੂੰ ਮਿਲ ਗਏ ਸਨ। ਉਸਨੂੰ ਜਦੋਂ ਇਸ ਅਸਲੀਅਤ ਦਾ ਪਤਾ ਲੱਗਾ ਤਾਂ ਉਹ ਬਹੁਤ ਰੋਈ ਪਰ ਉਹ ਇਸ ਗੱਲ ਤੇ ਯਕੀਨ ਨਹੀਂ ਸੀ ਕਰ-ਨਾ ਚਾਹੁੰਦੀ। ਉਸਨੇ ਉਸ ਪੰਜਾਬੀ ਨੌਜਵਾਨ ਨੂੰ ਸੱਚਾ ਪਿਆਰ ਕੀਤਾ ਸੀ ਤੇ ਉਹ ਉਸ ਲਈ ਸੱਭ ਕੁਝ ਕਰਨ ਨੂੰ ਤਿਆਰ ਸੀ। ਪੰਜ ਸਾਲ ਚਿੱਠੀ ਪੱਤਰ ਚਲਦੀ ਰਹੀ ਉਸਨੇ ਆਪਣੇ ਪਤੀ ਨੂੰ ਭਰੋਸਾ ਦੁਆਇਆ ਕਿ ਉਹ ਉਸ ਲਈ ਦੁਬਾਰਾ ਅਰਜ਼ੀ ਭਰਨ ਲਈ ਤਿਆਰ ਹੈ ਪਰ ਇਕ ਵਾਰ ਉਸਨੂੰ ਯਕੀਨ ਦੁਆ ਦੇਵੇ ਕਿ ਉਹ ਕੁੰਵਾਰਾ ਹੈ। ਇਸਤੇ ਉਸਨੇ ਬੜੀਆਂ ਸਖਤ ਚਿੱਠੀਆਂ ਲਿਖੀਆਂ ਤੇ ਇਧਰ ਰੋਂਦੀ ਕਲਪਦੀ ਨੇ ਪੰਜ ਸਾਲ ਲੰਘਾ ਦਿੱਤੇ। ਪੰਜਾਂ ਸਾਲਾਂ ਪਿਛੋਂ ਇਕ ਦਿਨ ਉਸਦੇ ਪਤੀ ਦੀ ਤਾਰ ਆਈ ਕਿ ਉਹ ਜਰਮਨੀ ਵਿੱਚ ਵਿਜ਼ਟਰ ਆਇਆ ਹੈ ਉਸਨੂੰ ਕਿਸੇ ਤਰ੍ਹਾਂ ਆ ਕੇ ਮਿਲ ਜਾਏ ਤੇ ਉਹ ਗੋਰੀ ਔਰਤ ਬਹੁਤ ਖੁਸ਼ ਹੋਈ, ਉਸਨੇ ਆਪਣੇ ਸਾਰੇ ਮਿਤਰਾਂ ਨੂੰ ਪਾਰਟੀ ਦਿੱਤੀ ਤੇ ਇਕ ਮਹੀਨੇ ਵਾਸਤੇ ਆਪਣੇ ਪੁੱਤਰ ਨੂੰ ਨਾਲ ਲੈ ਕੇ ਆਪਣੇ ਪਤੀ ਨੂੰ ਮਿਲਣ ਜਰਮਨੀ ਚਲੀ ਗਈ। ਉਥੇ ਉਹ ਆਪਣੇ ਪੰਜਾਬੀ ਪਤੀ ਨੂੰ ਮਿਲੀ ਜਿਸਦੀ ਸ਼ਕਲ ਤੇ ਦਿੱਖ ਅੱਗੇ ਨਾਲੋਂ ਬਹੁਤ ਬੇ-ਪਛਾਣੀ ਲੱਗਦੀ ਸੀ ਪਰ ਉਹ ਇਕੱਲਾ ਨਹੀਂ ਸੀ। ਉਸ ਨਾਲ ਇੱਕ ਜਰਮਨ ਔਰਤ ਵੀ ਸੀ ਤੇ ਉਹ ਕੁਝ ਦੇਰ ਉਹਨਾਂ ਕੋਲ ਠਹਿਰੀ ਫਿਰ ਉਸਦਾ ਪਤੀ ਉਸਨੂੰ ਇਕ ਰੈਸਟੋਰੈਂਟ ਵਿੱਚ ਲੈ ਗਿਆ ਤੇ ਪੱਕੀ ਕਰ ਗਿਆ ਕਿ ਉਹ ਇਥੇ ਹੀ ਉਹਦਾ ਇੰਤਜ਼ਾਰ ਕਰੇ। ਇੱਕ ਦਿਨ ਲੰਘ, ਦੋ, ਚਾਰ, ਹਫਤਾ, ਦੋ ਹਫਤੇ ਤੇ ਉਹ ਪਰਤ ਕੇ ਨਾ ਆਇਆ ਉਹ ਵਿਚਾਰੀ ਗੋਰੀ ਕੁੜੀ ਨੇ ਬੜੀ ਥਾਂਈ ਫੋਨ ਕੀਤਾ ਪਰ ਉਸਦਾ ਕੋਈ ਪਤਾ ਨਾਂ ਲੱਗਿਆ ਫਿਰ ਉਹਨੇ ਉਥੇ ਪਹਿਲੀ ਵਾਲੀ ਥਾਂ ਫੋਨ ਕੀਤਾ ਜਿਥੇ ਉਹ ਪਹਿਲੇ ਦਿਨ ਉਸਨੂੰ ਮਿਲੀ ਸੀ। ਉਥੋਂ ਕਿਸੇ ਔਰਤ ਨੇ ਉੱਤਰ ਦਿੱਤਾ ਤੇ ਕਿਹਾ ਕਿ ਉਹ ਪੰਜਾਬੀ ਆਦਮੀ ਨੂੰ ਪੁਲੀਸ ਫੜ ਕੇ ਲੈ ਗਈ ਸੀ ਸਮਗਲਿੰਗ ਦੇ

ਕੇਸ ਵਿੱਚ, ਪਰ ਸਾਡੀ ਮਾਨਸਿਕ ਉਲਝਣਾਂ ਕੁਝ ਜ਼ਿਆਦਾ ਹੈ। ਹੁਣ ਉਹ ਇਥੇ ਹੈ ਜੇ ਮਿਲਣਾ ਚਾਹੋਂ ਤਾਂ ਆ ਸਕਦੀ ਹੈਂ। ਉਸਦਾ ਦਿਲ ਜ਼ੋਰ ਜ਼ੋਰ ਦੀ ਧਕ ਧਕ ਕਰ ਰਿਹਾ ਸੀ। ਹਾਏ ਰੱਬਾ ਇਹ ਕੀ ਭਾਣਾ ਵਰਤ ਗਿਐ ਹੋ ਸਕਦੈ ਕਲ ਨੂੰ ਪੁਲੀਸ ਉਹਦਾ ਪਿਛਾ ਕਰਦੀ ਮੈਨੂੰ ਵੀ ਫੜ ਲਵੇ। ਪਰ ਉਹ ਆਪਣੇ ਪਤੀ ਨੂੰ ਮਿਲ ਕੇ ਗੱਲਾਂ ਕਰਨਾ ਚਾਹੁੰਦੀ ਸੀ ਉਸਤੋਂ ਸਾਰੀ ਹਾਲਾਤ ਦਾ ਜਾਇਜ਼ਾ ਲੈਣਾ ਚਾਹੁੰਦੀ ਸੀ। ਇਸ ਲਈ ਉਹ ਉਥੇ ਗਈ ਉਥੇ ਇੱਕ ਓਪਰੀ ਔਰਤ ਨੇ ਦਰਵਾਜ਼ਾ ਖੋਲ੍ਹਿਆ ਤੇ ਉਸਨੂੰ ਅੰਦਰ ਲੈ ਗਈ ਜਿਥੇ ਉਸਦਾ ਪੰਜਾਬੀ ਪਤੀ ਉਸੇ ਪਹਿਲੇ ਵਾਲੀ ਜਰਮਨ ਔ-ਰਤ ਦੀ ਗੋਦੀ ਵਿੱਚ ਸਿਰ ਰੱਖੀ ਸ਼ਰਾਬੀ ਹੋਇਆ ਪਿਆ ਸੀ... ਉਸਨੂੰ ਵੇਖਦਿਆਂ ਹੀ ਪਾਗਲਾਂ ਵਾਂਗ ਹੱਸਣ ਲੱਗਾ ਤੇ ਫਿਰ ਉਸ ਵੱਲ ਮਾਰਨ ਲਈ ਲਪਕਿਆ, ਉਹ ਵਿਚਾਰੀ ਗੋਰੀ ਔਰਤ ਕੁੱਝ ਸੰਭਲੀ ਫਿਰ ਭਜਣ ਦਾ ਯਤਨ ਕਰਨ ਲੱਗੀ ਪਰ ਉਸ ਦੂਸਰੀ ਔਰਤ ਨੇ ਉਸਨੂੰ ਫੜ ਲਿਆ ਤੇ ਉਸਦੇ ਪਤੀ ਨੇ ਉਸਨੂੰ ਬਹੁਤ ਕੁੱਟਿਆ। ਕਹਿਣ ਲੱਗਾ ਤੂੰ ਮੈਨੂੰ ਧੋਖਾ ਦੇ ਰਹੀ ਹੈਂ, ਮੇਰੀ ਅਰਜ਼ੀ ਕਿਉਂ ਨਹੀਂ ਭਰਦੀ--- ਤੇ ਉਹ ਦੂਸਰੀ ਔਰਤ ਹੱਸ ਰਹੀ ਸੀ ਕਹਿ ਰਹੀ ਸੀ ਇਹ ਪੰਜਾਬੀ ਹੈਵਾਨ ਹੁਣ ਮੇਰਾ ਹੈ ਮੇਰੇ ਨਾਲ ਇਸਨੇ ਪਿਛਲੇ ਹਫਤੇ ਸ਼ਾਦੀ ਕੀਤੀ ਹੈ। ਹੁਣ ਇਸ ਨੂੰ ਮੈਂ ਇਮੀਗ੍ਰੇਸ਼ਨ ਦੁਆ ਦਿਆਂਗੀ। ਉਹ ਵਿਚਾਰੀ ਗੋਰੀ ਔਰਤ ਉਥੋਂ ਸੁਜਿਆ ਚਿਹਰਾ, ਦੁੱਖਦੇ ਹੱਡ ਅਤੇ ਆਪਣੇ ਪੰਜਾਬੀ ਪੁੱਤਰ ਨੂੰ ਨਾਲ ਲੈ ਕੇ ਆਪਣੇ ਘਰ ਪਰਤ ਆਈ।... ... .... ਹੁਣ ਮੇਰੇ ਸਾਹਮਣੇ ਬੈਠ ਕੇ ਜਦੋਂ ਇਹ ਸੱਭ ਕੁੱਝ ਉਹ ਦੱਸ ਰਹੀ ਸੀ, ਮੇਰੇ ਤੋਂ ਉਸਦਾ ਦੁੱਖ ਸਹਿ ਨਹੀਂ ਹੁੰਦਾ ਸੀ ਨਾਂ ਹੀ ਮੇਰੇ ਕੋਲ ਕੋਈ ਸ਼ਬਦ ਸਨ ਜਿਨ੍ਹਾਂ ਨਾਲ ਮੈਂ ਉਹਦੇ ਦਿਲ ਨੂੰ ਧਰਵਾਸ ਦੇ ਸਕਦੀ.... ਤੇ ਉਸਦੀਆਂ ਅੱਖਾਂ ਅਥਰੂਆਂ ਨਾਲ ਤਰ ਬਰ ਵਹਿ ਰਹੀਆਂ ਸਨ.-- 0 0 0

---

## ਵੈਨਕੂਵਰ ਦੀ ਮਹਿਲਾ ਐਸੋਸੀਏਸ਼ਨ

ਵੈਨਕੂਵਰ ਵਿੱਚ ਪਿਛਲੇ ਦਹਾਕੇ ਦੇ ਸ਼ੁਰੂ ਵਿੱਚ ਕੁਝ ਚੇਤੰਨ ਭਾਰਤੀ ਔਰਤਾਂ ਵਲੋਂ ਇਸ ਗੱਲ ਦੀ ਲੋੜ ਮਹਿ-ਸੂਸ ਕੀਤੀ ਗਈ ਕਿ ਕਨੇਡਾ ਵਿੱਚ ਭਾਰਤੀ ਔਰਤਾਂ ਦੀਆਂ ਸਮੱਸਿਆਵਾਂ ਉੱਤੇ ਵਿਚਾਰ ਵਟਾਂਦਰਾ ਕਰਨ ਲਈ ਔ-ਰਤਾਂ ਦੀ ਹੀ ਇੱਕ ਜਥੇਬੰਦੀ ਹੋਣੀ ਚਾਹੀਦੀ ਹੈ। ਨਤੀਜੇ ਵਜੋਂ 1973 ਵਿੱਚ ਵੈਨਕੂਵਰ ਵਿੱਚ ਭਾਰਤੀ ਮਹਿਲਾ ਐਸੋ-ਸੀਏਸ਼ਨ ਦੀ ਗੱਠਬੰਦੀ ਕੀਤੀ ਗਈ।

ਇਸਦਾ ਮੁੱਖ ਉਦੇਸ਼ ਇਹ ਸੀ ਕਿ ਔਰਤਾਂ ਆਪਣੀਆਂ ਲੋੜਾਂ ਤੇ ਹਾਲਾਤ ਬਾਰੇ ਆਪਣੀ ਆਵਾਜ਼ ਬੁਲੰਦ ਕਰਨ। ਕਨੇਡੀਅਨ ਸਮਾਜ ਵਿੱਚ ਸਾਡੀਆਂ ਔਰਤਾਂ ਨੂੰ ਜਿਨ੍ਹਾਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਉਨ੍ਹਾਂ ਨੂੰ ਦੂਰ ਕਰਨ ਲਈ ਕੀ ਉਪਰਾਲੇ ਕੀਤੇ ਜਾਣ ਤਾਂ ਜੋ ਸਾਡੀਆਂ ਭੈਣਾਂ ਨੂੰ ਇਥੋਂ ਦੇ ਵਾਤਾਵਰਣ ਬਾਰੇ ਜਾਣਕਾਰੀ ਦਿੱਤੀ ਜਾ ਸਕੇ ਤੇ ਉਨ੍ਹਾਂ ਨੂੰ ਇਥੇ ਸਹਜ ਵਸਾਉਣ ਲਈ ਉਨਾਂ ਦੀ ਹਰ ਪੱਖੋਂ ਮਦਦ ਕੀਤੀ ਜਾ ਸਕੇ।

● ਐਸੋਸੀਏਸ਼ਨ ਵਲੋਂ ਪਿਛਲੇ ਸੱਤ ਸਾਲਾਂ ਵਿੱਚ ਵੱਖ ਵੱਖ ਥਾਂਵਾਂ ਤੇ ਬਹੁ-ਸਭਿਆਚਾਰਕ ਪ੍ਰੋਗਰਾਮ ਆਯੋਜਿਤ ਕੀਤੇ ਗਏ। ਜਿਨਾਂ ਰਾਂਹੀ ਕਨੇਡੀਅਨ ਤੇ ਭਾਰਤੀ ਤੇ ਹੋਰ ਸੱਭਿਆਚਾਰਾਂ ਦੀਆਂ ਮਹਿਲਾਵਾਂ ਨੂੰ ਇਕ ਦੂਜੀ ਨਾਲ ਮਿ-ਲਣ ਗਿਲਣ ਤੇ ਸਮਝਣ ਦਾ ਮੌਕਾ ਮਿਲਿਆ।

● ਨਵੀਆਂ ਇਮੀਗਰੈਂਟ ਔਰਤਾਂ ਲਈ ਅੰਗਰੇਜ਼ੀ ਪੜ੍ਹਾਉਣ ਦਾ ਪ੍ਰਬੰਧ ਕੀਤਾ ਗਿਆ।

● ਭਾਰਤੀ ਮਹਿਲਾਵਾਂ ਨੂੰ ਰੁਜ਼ਗਾਰ ਬਾਰੇ ਜਾਣਕਾਰੀ ਪ੍ਰਦਾਨ ਕੀਤੀ ਗਈ ਤੇ ਰੁਜ਼ਗਾਰ ਲੱਭਣ ਵਿੱਚ ਉਨਾਂ ਦੀ ਮਦਦ ਵੀ ਕੀਤੀ ਗਈ।

● ਹੋਰ ਜੋ ਸਮਾਜਿਕ ਸੇਵਾਵਾਂ ਇਥੇ ਪ੍ਰਾਪਤ ਹਨ ਉਨਾਂ ਬਾਰੇ ਸਮੇਂ ਸਮੇਂ ਮਹਿਲਾਵਾਂ ਨੂੰ ਜਾਣਕਾਰੀ ਦੇਣ ਦਾ ਪ੍ਰਬੰਧ ਕੀਤਾ ਗਿਆ।

● ਨਵੰਬਰ 1976 ਵਿੱਚ ਐਸੋਸੀਏਸ਼ਨ ਵਲੋਂ ਸੱਭ ਤੋਂ ਮਹੱਤਵਪੂਰਣ ਸਭਿਆਚਾਰ ਪ੍ਰੋਗਰਾਮ ਦਾ ਪ੍ਰਬੰਧ ਕੀਤਾ ਜਿਸ ਵਿੱਚ ਸੱਤ ਸੌ ਦੇ ਕਰੀਬ ਲੋਕਾਂ ਨੇ ਭਾਗ ਲਿਆ ਤੇ ਐਸੋਸੀਏਸ਼ਨ ਦੇ ਪਰਤ ਚਲਾਉਣ ਲਈ ਫੰਡ ਇਕੱਠਾ ਕੀਤਾ ਗਿਆ

● ਇਸ ਵਰ੍ਹੇ ਸ਼ਨੀ 9 ਮਾਰਚ 1981 ਵਿੱਚ ਐਸੋਸੀਏਸ਼ਨ ਵਲੋਂ ਇਕ ਮਹੱਤਵਪੂਰਣ ਪਬਲਿਕ ਮੀਟਿੰਗ ਬੁਲਾਈ ਗਈ ਜਿਸ ਵਿੱਚ ਕਨੇਡਾ ਵਿੱਚ ਰਹਿ ਰਹੀਆਂ ਭਾਰਤੀ ਔਰਤਾਂ ਦੀਆਂ ਸਮੱਸਿਆਵਾਂ ਉੱਤੇ ਵੱਖ ਵੱਖ ਵਿਚਾਰ ਪੇਸ਼ ਕੀਤੇ ਗਏ। ਇਹ ਇਕ ਸਫਲ ਪਬਲਿਕ ਮੀਟਿੰਗ ਸੀ।

● ਪਿਛਲੇ ਕੁਝ ਮਹੀਨਿਆਂ ਤੋਂ ਐਸੋਸੀਏਸ਼ਨ ਵਲੋਂ ਔਰਤ ਦੀ ਸਮੱਸਿਆ ਬਾਰੇ ਕੈਨੇਡਾ ਦੇ ਵੱਖ ਵੱਖ ਮੈਗ-ਜ਼ੀਨਾਂ ਤੇ ਅਖਬਾਰਾਂ ਵਿੱਚ ਆਰਟੀਕਲ ਲਿਖੇ ਜਾ ਰਹੇ ਹਨ ਤੇ ਐਸੋਸੀਏਸ਼ਨ ਵਲੋਂ ਸਮਾਜਿਕ ਚੇਤਨਤਾ ਵਾਲੇ ਲੋਕਾਂ ਨੂੰ ਸਦਾ ਹੈ ਕਿ ਉਹ ਜਦ ਚਾਹੁਣ ਔਰਤ ਦੀਆਂ ਸਮੱਸਿਆ ਬਾਰੇ ਲਿਖ ਸਕਦੇ ਹਨ ਜਾਂ ਹੋਰ ਜਾਣਕਾਰੀ ਲਈ ਐਸੋ-ਸੀਏਸ਼ਨ ਨਾਲ ਸਪੰਰਕ ਕਰ ਸਕਦੇ ਹਨ। 0 0 0

# ਵਿਛੜੀ ਕੂੰਜ

ਮਨਜੀਤ ਸਿੰਘ

"ਬਾਬਲ ਵਿਦਿਆ ਕਰੇਂਦਿਆਂ ਮੈਨੂੰ ਰੱਖ ਲੈ ਅੱਜ ਦੀ ਰਾਤ ਵੇ"

ਕੁੜੀਆਂ ਇਹ ਗੀਤ ਬੜੀ ਦਰਦ ਭਰੀ ਲੈਅ ਵਿੱਚ ਗਾ ਰਹੀਆਂ ਸਨ। ਜਿਵੇਂ ਇਹ ਡੋਲੀ ਵਿੱਚ ਚੜ੍ਹ ਰਹੀ ਜਿੰਦੂ ਦਾ ਇਕ ਤਰਲਾ ਹੋਵੇ, ਮਾਂ ਦੀਆਂ ਅੱਖਾਂ ਵਿੱਚ ਹੰਝੂ ਸਨ, ਇਹਨਾਂ ਹੰਝੂਆਂ ਵਿੱਚ ਇਕ ਪਾਸੇ ਉਦਾਸੀ ਸੀ ਤੇ ਦੂਸਰੇ ਪਾਸੇ ਖੁਸ਼ੀ ਰੋਕਦਿਆਂ ਵੀ ਉਹ ਆਪਮੁਹਾਰੇ ਵਗੀ ਜਾ ਰਹੇ ਸਨ, ਉਸਦੀ ਇਕਲੌਤੀ ਧੀ ਅੱਜ ਪਰਾਈ ਹੋ ਗਈ ਸੀ ਭਾਂਵੇ ਧੀਆਂ ਨੂੰ ਤੋਰ ਕੇ ਮਾਪੇ ਸਮਝਦੇ ਐਂ ਕਿ ਉਹ ਸੁਰਖਰੂ ਹੋ ਗਏ ਹਨ, ਫਿਰ ਵੀ ਉਹਨਾਂ ਦੇ ਦਿਲ ਅੰਦਰੋਂ ਇੱਕ ਰੁੰਗ ਭਰਿਆ ਜਾਂਦਾ ਹੈ ਆਪਣੇ ਜਿਗਰ ਦੇ ਟੋਟੇ ਨੂੰ ਕਿਸੇ ਅਨਜਾਣੇ ਨਾਲ ਬੰਨਦਿਆਂ ਦਿਲ ਵਿੱਚ ਹਜ਼ਾਰਾਂ ਹੀ ਸਹਿਮੇ ਹੋਏ ਖਿਆਲ ਆਉਂਦੇ ਹਨ, ਲੇਕਿਨ ਇਹ ਸੱਭ ਕੁਝ ਧੀ ਦੀ ਕਿਸਮਤ ਉਪਰ ਹੀ ਰਹਿ ਜਾਂਦਾ ਹੈ।

ਇਸੇ ਤਰ੍ਹਾਂ ਹੀ ਜਿੰਦੂ ਦੇ ਬੀ. ਏ ਕਰਨ ਤੋਂ ਬਾਅਦ ਮਾਂ ਨੇਂ ਉਸਦਾ ਵਿਆਹ ਕਰਨਾ ਠੀਕ ਸਮਝਿਆ ਕਿਉਂਕਿ ਪਿਉ ਦਾ ਸਾਇਆ ਸਿਰ ਉਪਰ ਨਾਂ ਹੋਣ ਕਾਰਨ, ਜਿੰਦੂ ਨੂੰ ਮਾਂ ਦੀ ਮਜਬੂਰੀ ਅੱਗੇ ਝੁਕਣਾ ਪਿਆ ਹਾਲਾਂ ਕਿ ਉਹ ਅੱਗੇ ਪੜ੍ਹਨਾ ਚਾਹੁੰਦੀ ਸੀ, ਸਾਡੇ ਸਮਾਜ ਵਿੱਚ ਔਰਤ ਦੇ ਸਿਰ ਉਪਰ ਆਦਮੀ ਨਾਂ ਹੋਵੇ ਤਾਂ ਧੀਆਂ ਹੋਰ ਵੀ ਬੋਝ ਜਾਪਣ ਲੱਗ ਪੈਂਦੀਆਂ ਹਨ, ਜਿੰਦੂ ਦਾ ਭਰਾ ਬਹੁਤ ਛੋਟਾ ਹੋਣ ਕਾਰਨ ਘਰ ਵਿੱਚ ਆਮਦਨੀ ਦਾ ਕੋਈ ਸਾਧਨ ਨਹੀਂ ਸੀ, ਜੋ ਜੋ ਕੁਝ ਪਿਉ ਛੱਡ ਗਿਆ ਸੀ ਉਸ ਨਾਲ ਹੀ ਉਸਨੇ ਜਿੰਨਾਂ ਸਰਿਆ ਜਿੰਦੂ ਨੂੰ ਦਾਜ਼ ਦਿੱਤਾ ਤੇ ਲੱਖ ਸ਼ਗਨਾਂ ਨਾਲ ਉਸਨੇ ਧੀ ਨੂੰ ਆਪਣੇ ਘਰ ਤੋਰਿਆ।

ਹਰਦੀਪ ਜਿੰਦੂ ਦਾ ਪਤੀ ਇੱਕ ਚੰਗਾ ਸ਼ਰੀਫ਼ ਲੜਕਾ ਸੀ ਲੇਕਿਨ ਉਸਦੀ ਸੂਝਬੂਝ ਜਿੰਦੂ ਦੀ ਅਕਲ ਦਾ ਮੁਕਾਬਲਾ ਨਹੀਂ ਸੀ ਕਰ ਸਕਦੀ, ਉਹ ਦਸਵੀਂ ਪਾਸ ਕਰਨ ਤੋਂ ਬਾਅਦ ਕਨੇਡਾ ਆ ਗਿਆ ਸੀ, ਸਾਡੇ ਦੇਸ਼ ਦੇ ਲੋਕਾਂ ਵਿੱਚ ਇਹ ਭਰਮ ਹੈ ਕਿ ਵਿਦੇਸ਼ਾਂ ਵਿੱਚ ਜਾ ਕੇ ਉਨ੍ਹਾਂ ਦੀਆਂ ਲੜਕੀਆਂ ਐਸਾਂ ਕਰਨਗੀਆਂ। ਇਸ ਕਰਕੇ ਉਹ ਆਪਣੀਆਂ ਦੀ ਉੱਚ ਵਿਦਿਆ ਨੂੰ ਵੀ ਅੱਖੋਂ ਉਹਲੇ ਕਰਕੇ ਉਹਨਾਂ ਨੂੰ ਬਾਹਰੋਂ ਆਏ ਕਿਸੇ ਅਨਪੜ੍ਹ ਦੇ ਲੜ ਲਾਉਣਾ ਵੀ ਆਪਣੀ ਬੇਟੀ ਦਾ ਸੁਭਾਗ ਸਮਝਦੇ ਐਂ।

ਮਹੀਨਾਂ ਕੁ ਭਾਰਤ ਰਹਿਣ ਤੋਂ ਬਾਅਦ ਹਰਦੀਪ ਵਾਪਸ ਕਨੇਡਾ ਆ ਗਿਆ ਤੇ ਜਿੰਦੂ ਨੂੰ ਜਲਦੀ ਮੰਗਵਾਉਣ ਦਾ ਵਾਅਦਾ ਕਰ ਗਿਆ, ਛੇ ਕੁ ਮਹੀਨੇ ਬਾਅਦ ਜਿੰਦੂ ਦੇ ਪੇਪਰ ਵਗੈਰਾ ਤਿਆਰ ਹੋ ਗਏ ਤੇ ਉਹ ਮਾਂ ਤੇ ਛੋਟੇ ਵੀਰ ਨਾਲੋਂ ਵਿਛੜ ਕੇ ਜਹਾਜ਼ ਚੜ੍ਹ ਗਈ. ਮਾਂ ਦੇ ਕਾਲਜੇ ਵਿੱਚ ਇਕ ਵਾਰ ਖਿੱਚ ਪਈ ਜਿਵੇਂ ਉਸਦੀ ਬੱਚੀ ਉਸਤੋਂ ਸਦਾ ਲਈ ਵਿਛੜ ਰਹੀ ਹੋਵੇ, ਪ੍ਰਦੇਸਾਂ ਦਾ ਮਾਮਲਾ, ਕੀ ਪਤਾ ਕਦੋਂ ਵਾਪਸ ਆਵੇਗੀ, ਪਤਾ ਨਹੀ ਫਿਰ ਧੀ ਦਾ ਮੂੰਹ ਵੇਖਾਂਗੀ ਕਿ ਨਹੀ; ਸਭ ਕੁਝ - ਸੋਚ ਕੇ ਉਸਦਾ ਦਿਲ ਡਿਗਿਆ ਪਿਆ ਸੀ। ਛੋਟੇ ਵੀਰ ਦਾ ਕੋਈ ਹਾਲ ਨਹੀਂ ਸੀ ਕਿਉਂਕਿ ਜਿੰਦੂ ਦਾ ਸਹਾਰਾ ਉਸਨੂੰ ਵੱਡੇ ਵੀਰਾਂ ਤੇ ਭੈਣਾ. ਦੋਨਾਂ ਦੇ ਪਿਆਰ ਵਾਂਗ ਸੀ। ਜਿੰਦੂ ਨੂੰ ਵੀ ਇੰਜ ਜਾਪਿਆ ਜਿਵੇਂ ਉਹ ਆਪਣਾ ਸੱਭ ਕੁਝ ਪਿਛੇ ਛੱਡ ਚੱਲੀ ਹੈ ਪਰ ਧੀਆਂ ਨੂੰ ਕੌਣ ਰੱਖ ਸਕਦਾ ਹੈ ਇਹ ਸੋਚਕੇ ਉਸਨੇ ਸਬਰ ਦਾ ਘੁੱਟ ਭਰ ਲਿਆ।

ਜਿੰਦੂ ਪਤੀ ਦੇ ਦੇਸ਼ ਪਹੁੰਚ ਗਈ। ਹਰਦੀਪ ਤੇ ਉਸਦੀ ਮਾਂ ਭੈਣ ਤੇ ਭੈਣ ਦਾ ਪਤੀ ਉਸਨੂੰ ਲੈਣ ਵਾਸਤੇ ਆਏ, ਉਸ ਦੀ ਸੱਸ ਨੇ ਚਾਅ ਨਾਲ

ਜਿੰਦੂ ਨੂੰ ਪਿਆਰ ਦਿੱਤਾ ਤੇ ਨਣਾਨ ਨੇ ਭਰਜਾਈ ਨੂੰ ਜੱਫੀ ਪਾਈ, ਜਿੰਦੂ ਨੂੰ ਜਾਪਿਆ ਜਿਵੇਂ ਉਸਨੂੰ ਵਿਛੜਿਆ ਪ੍ਰਵਾਰ ਮੁੜ ਮਿਲ ਪਿਆ ਹੈ ਤੇ ਉਸਨੇ ਆਪਣੇ ਆਪ ਨੂੰ ਸੌਖੀ ਮਹਿਸੂਸ ਕੀਤਾ ਕਿਉਂਕਿ ਹਰ ਕੁੜੀ ਨੂੰ ਸੌਹਰੇ ਜਾਂਦਿਆਂ ਹਮੇਸ਼ਾਂ ਇਹ ਡਰ ਹੁੰਦਾ ਹੈ ਕਿ ਪਤਾ ਨਹੀਂ ਉਹ ਲੋਕ ਉਸ ਨਾਲ ਕਿਹੋ ਜਿਹਾ ਵਰਤਾਅ ਕਰਨਗੇ। ਉਹ ਉਹਨਾਂ ਦੇ ਪਸੰਦ ਆਵੇਗੀ ਜਾਂ ਨਹੀਂ; ਇਹੋ ਹੀ ਡਰ ਜਿੰਦੂ ਨੂੰ ਸਾਰੇ ਰਾਹ ਖਾਂਦਾ ਆਇਆ ਸੀ, ਜਿਸ ਤੋਂ ਉਸਨੇ ਆਪਣੇ ਆਪ ਨੂੰ ਸੁਰਖਰੂ ਸਮਝਿਆ।

ਦਿਨ ਬੀਤਦੇ ਗਏ ਜਿੰਦੂ ਅਜੇ ਨਵੇਂ ਵਾਤਾਵਰਣ ਅਨੁਸਾਰ ਆਪਣੇ ਆਪ ਨੂੰ ਢਾਲਣ ਦੀ ਕੋਸ਼ਿਸ਼ ਕਰ ਰਹੀ ਸੀ, ਸੱਸ ਨੇ ਉਸਨੂੰ ਘਰ ਦਾ ਸਾਰਾ ਕੰਮ ਧੰਦਾ ਸੰਭਾਲ ਦਿਤਾ ਕਿ ਸਫਾਈ, ਰੋਟੀ ਬਣਾਉਣੀ ਸਭ ਉਸਦੇ ਜ਼ਿੰਮੇ ਹੈ। ਤੇ ਜਿੰਦੂ ਨੇ ਸਾਰਾ ਕੁਝ ਖੁਸ਼ੀ 2 ਸੰਭਾਲ ਲਿਆ, ਕੁਝ ਦੇਰ ਸਭ ਕੁਝ ਠੀਕ ਚਲਦਾ ਰਿਹਾ, ਹਰਦੀਪ ਕਦੇ ਦਿਨੇ ਕੰਮ ਤੇ ਜਾਂਦਾ ਤੇ ਕਦੀ ਉਸਦੀ ਸ਼ਿਫਟ ਬਦਲ ਕੇ ਰਾਤ ਦੀ ਟਰਨ ਆ ਜਾਂਦੀ ਜਿੰਦੂ ਉਸਨੂੰ ਬੜੇ ਪਿਆਰ ਨਾਲ ਕੰਮ ਤੇ ਤੋਰਦੀ ਤੇ ਫਿਰ ਉਸਦੀ ਉਡੀਕ ਕਰਦੀ ਰਹਿੰਦੀ। ਹਰਦੀਪ ਵੀ ਅਸਲੋਂ ਬਹੁਤ ਹੀ ਖੁਸ਼ ਸੀ, ਜਿੰਦੂ ਦੇ ਵਰਤਾਉ ਉਪਰ, ਉਹ ਆਪਣੇ ਆਪ ਨੂੰ ਸੁਭਾਗਾ ਸਮਝਣ ਲੱਗਾ. ਤੇ ਹਰ ਗੱਲ ਵਿੱਚ ਉਸਨੇ ਜਿੰਦੂ ਦੀ ਸਲਾਹ ਲੈਣੀ ਸ਼ੁਰੂ ਕਰ ਦਿੱਤੀ ਕਿਉਂਕਿ ਸਾਰੇ ਘਰ ਵਿੱਚ ਉਹੋ ਹੀ ਜ਼ਿਆਦਾ ਪੜ੍ਹੀ ਲਿਖੀ ਸੀ ਤੇ ਸੁਘੜ ਵੀ, ਜੋ ਗੱਲਾਂ ਹਰਦੀਪ ਨੂੰ ਵੀ ਸਮਝ ਨਾਂ ਆਉਂਦੀਆਂ ਉਹ ਉਸਨੂੰ ਸਮਝਾ ਦਿੰਦੀ।

ਇਹ ਸਾਰਾ ਕੁੱਝ ਹਰਦੀਪ ਦੀ ਮਾਂ ਤੇ ਭੈਣ ਲਈ ਬਲਦੀ ਉਪਰ ਤੇਲ ਪੈਣ ਦੇ ਬਰਾਬਰ ਸੀ ਉਹ ਹਮੇਸ਼ਾਂ ਸੋਚਦੇ ਸੋਚਦੀਆਂ ਰਹਿੰਦੀਆਂ ਕਿ ਇਹ ਤਾਂ ਆਪਣੇ ਹੱਥਾਂ ਵਿਚੋਂ ਨਿਕਲ ਜਾਵੇਗਾ, ਇਸਨੂੰ ਤਾਂ ਇਸ ਕਾਲਜ ਦੀ ਪੜ੍ਹੀ ਨੇ ਪੱਟ ਲਿਆ ਤੇ ਉਹਨਾਂ ਨੇ ਜਿੰਦੂ ਨੂੰ ਜਿੰਨਾ ਹੋ ਸਕਿਆ ਤੰਗ ਕਰਨਾ ਸ਼ੁਰੂ ਕਰ ਦਿੱਤਾ। ਘਰ ਆਏ ਹਰਦੀਪ ਨੂੰ ਉਹ ਜਿੰਦੂ ਦੇ ਵਿਰੁੱਧ ਭੜਕਾ ਦਿੰਦੀਆਂ ਕਿ ਉਸਦੇ ਕੰਮ ਤੋਂ ਜਾਣ ਬਾਅਦ ਉਹ ਲੋਕਾਂ ਨਾਲ ਟੈਲੀਫੋਨ ਉਪਰ ਗੱਲਾਂ ਕਰਦੀ ਹੈ ਤੇ ਹੋਰ ਕਿੰਨੇ ਹੀ ਝੂਠ ਜੋੜ ਕੇ ਉਹ ਉਨ੍ਹਾਂ ਵਿੱਚ ਫਰਕ ਪਾਉਣ ਦੀ ਕੋਸ਼ਿਸ਼ ਕਰਦੀਆਂ. ਹਰਦੀਪ ਆਪਣੀ ਮਾਂ ਦਾ ਆਦਰ ਕਰਦਾ ਸੀ ਤੇ ਭੈਣ ਦਾ ਆਖਾ ਵੀ ਨਹੀਂ ਸੀ ਮੋੜਦਾ, ਕਈ ਵਾਰ ਉਹ ਸਭ ਕੁੱਝ ਸੁਣਕੇ ਯਕੀਨ ਕਰ ਲੈਂਦਾ ਤੇ ਜਿੰਦੂ ਨੂੰ ਮਾਰਦਾ ਵੀ. ਪਰ ਉਹ ਸਾਰਾ ਕੁਝ ਚੁੱਪ ਚਾਪ ਸਹਿੰਦੀ ਰਹੀ ਉਸਨੂੰ ਜਾਪਦਾ ਜਿਵੇਂ ਉਸਦੀ ਦੁਨੀਆਂ ਵਸਾ ਕੇ ਕਿਸੇ ਨੇ ਦਿਲਾਂ ਵਿੱਚ ਹੀ ਉਜਾੜ ਦਿੱਤੀ ਹੈ. ਤੇ ਇਸੇ ਖਿਚੋਤਾਣ ਦੇ ਦੌਰਾਨ ਹੀ ਜਿੰਦੂ ਨੂੰ ਉਮੈਦ-ਵਾਰੀ ਹੋ ਗਈ, ਫਿਰ ਵੀ ਉਸਤੋਂ ਸਾਰਾ ਕੰਮ ਕਰਵਾਇਆ ਜਾਂਦਾ, ਮਾਂ ਸਾਰਾ ਦਿਨ ਕ-ਹਿੰਦੀ ਰਹਿੰਦੀ ਕਿ ਘਰ ਵਿੱਚ ਸਫਾਈ ਨਹੀਂ, ਜਿੰਦੂ ਸਾਰਾ ਦਿਨ ਅੰਦਰੇ ਅੰਦਰ ਖੁਰਦੀ ਰਹਿੰਦੀ, ਉਸਦੇ ਦਿਲ ਅੰਦਰੋਂ ਰੁਗ ਭਰਿਆ ਜਾਂਦਾ ਜਦੋਂ ਉਹ ਆਪਣੇ ਆਉਣ ਵਾਲੇ ਬੱਚੇ ਬਾਰੇ ਸੋਚਦੀ, ਕਿ ਇਸ ਤਰ੍ਹਾਂ ਦੇ ਮਹੌਲ ਵਿੱਚ ਉਸਨੂੰ ਕਿਹੋ ਜਿਹਾ ਪਿਆਰ ਮਿਲੇਗਾ।

ਮਹੀਨੇ ਬੀਤਦੇ ਗਏ ਤੇ ਜਿੰਦੂ ਦੇ ਪੇਟੋਂ ਇਕ ਬੱਚੀ ਨੇ ਜ-ਨਮ ਲਿਆ, ਹਰਦੀਪ ਖੁਸ਼ ਸੀ ਲੇਕਿਨ ਮਾਂ ਤੇ ਭੈਣ ਨੇ ਨੱਕ ਚੜ੍ਹਾਇਆ ਕਿ ਇਸ ਕੀਨ ਪਾਈ ਕਾਲਜ ਪੜ੍ਹੀ ਦੇ ਤਾਂ ਕੁੜੀਆਂ ਹੀ ਹੋਣਗੀਆਂ. ਜਿੰਦੂ ਇਕ ਹੌਕਾ ਭਰ ਕੇ ਬੈਠ ਗਈ ਕਿ ਇਹ ਮੇਰੇ ਨਵੇਂ ਬੱਚੇ ਦਾ ਆਗਮਨ ਹੋ ਗਿਆ ਹੈ ਹਸਪਤਾਲ ਤੋਂ ਵਾਪਸ ਆਉਣ ਤੋਂ ਬਾਅਦ ਜਿੰਦੂ ਦਾ ਮਾਮਾ ਜੋ ਕਨੇਡਾ ਵਿੱਚ ਹੀ ਰਹਿੰਦਾ ਸੀ ਉਸਨੂੰ ਕੁਝ ਦਿਨਾਂ ਲਈ ਆਪਣੇ ਘਰ ਲੈ ਗਿਆ। ਹਰਦੀਪ ਦੀ ਮਾਂ ਤੇ ਭੈਣ ਨੇ ਇਹ ਸੁਨਿਹਰੀ ਮੌਕਾ ਸਮ-ਝਿਆ ਜੋ ਹਰ ਰੋਜ਼ ਆਏ ਹਰਦੀਪ ਨੂੰ ਉਹ ਨਵੀਂ ਹੀ ਕਹਾਣੀ ਦਸਦੀਆਂ ਕਿ ਜਿੰਦੂ ਮਾਮੇ ਦੇ ਮੁੰਡੇ ਦੇ ਦੋਸਤਾਂ ਨਾਲ ਮਿਲਣੇ ਜਾਂਦੀ ਹੈ ਸ਼ਾਪਿੰਗ ਕਰਦੀ ਵੇਖੀ ਹੈ, ਤੇ

ਹੋਰ ਕਿੰਨਾਂ ਹੀ ਕੁੱਝ, ਹਰਦੀਪ ਉਹਨਾਂ ਦੀਆਂ ਗੱਲਾਂ ਵਿੱਚ ਆ ਗਿਆ ਜਾਂ ਕੀਹ ਲਵੇ ਕਿ ਜਾਣੀ ਲੱਗ ਸੀ।

ਹਫ਼ਤੇ ਬਾਅਦ ਜਿੰਦੂ ਵਾਪਸ ਆ ਗਈ ਤਾਂ ਹਰਦੀਪ ਨੇ ਉਸਨੂੰ ਮੁੜ ਉਸਦੀਆਂ ਵਹਿਸ਼ੀਆਂ ਅੰਦਰ ਨਾਂ ਵੜਨ ਲਈ ਆਖਿਆ, ਜਿੰਦੂ ਰੋਣ ਕੇ ਰੋਈ। ਉਸਨੇ ਹਰਦੀਪ ਦੇ ਤਰਲੇ ਕੀਤੇ ਕਿ ਉਹ ਉਸਤੋਂ ਬਿਨਾਂ ਕਿਸੇ ਹੋਰ ਦੀ ਨਹੀਂ ਹੋ ਸਕਦੀ, ਲੇਕਿਨ ਸ਼ੱਕ ਦੀ ਚਿੰਗਾੜੀ ਹਰਦੀਪ ਦੇ ਅੰਦਰ ਘਰ ਕਰ ਗਈ ਸੀ ਜਿੰਦੂ ਨੂੰ ਉਸਨੇ ਮੁੜ ਆਪਣੇ ਘਰ ਰੱਖ ਲਿਆ ਲੇਕਿਨ ਉਸ ਉਪਰ ਹਰ ਪ੍ਰਕਾਰ ਦੀ ਬੰਦਸ਼ ਸੀ ਉਹ ਕਿਸੇ ਨੂੰ ਟੈਲੀਫੋਨ ਨਹੀਂ ਕਰ ਸਕੇਗੀ, ਉਹ ਕਿਸੇ ਦੇ ਘਰ ਨਹੀਂ ਜਾ ਸਕੇਗੀ, ਉਹ ਘਰ ਤੋਂ ਬਾਹਰ ਇਕੱਲੀ ਪੈਰ ਨਹੀਂ ਪਾ ਸਕੇਗੀ. ਜਿੰਦੂ ਨੇ ਇਹ ਸੱਭ ਕੁਝ ਮਨਜ਼ੂਰ ਕਰ ਲਿਆ। ਉਹ ਆਪਣੇ ਪਤੀ, ਆਪਣੀ ਬੇਟੀ ਦੇ ਬਾਪ ਲਈ ਦੁਨੀਆਂ ਦੀ ਹਰ ਚੀਜ਼ ਤਿਆਗ ਸਕਦੀ ਸੀ. ਫਿਰ ਵੀ ਹਰਦੀਪ ਦਾ ਸਲੂਕ ਪਹਿਲੇ ਵਰਗਾ ਨਹੀਂ ਸੀ।

ਦੋ ਕੁ ਮਹੀਨੇ ਬਾਅਦ ਇਕ ਦਿਨ ਹਰਦੀਪ ਨੇ ਜਿੰਦੂ ਨੂੰ ਕਿਹਾ ਉਹ ਉਸਨੂੰ ਛੁੱਟੀਆਂ ਕੱਟਣ ਲਈ ਕੈਮਲੂਪ ਲਿਜਾਣਾ ਚਾਹੁੰਦਾ ਹੈ। ਜਿੰਦੂ ਨੇਂ ਕੋਈ ਹਰਜ਼ ਨਾਂ ਸਮਝਿਆ ਉਹ ਹੈਰਾਨ ਸੀ ਕਿ ਹਰਦੀਪ ਮਾਂ ਤੇ ਭੈਣ ਕਿੰਨੇ ਹੀ ਖੁਸ਼ ਸਨ, ਤੇ ਉਹ ਚਲੀ ਗਈ, ਤਿੰਨਾਂ ਦਿਨਾਂ ਬਾਅਦ ਉਹ ਵਾਪਸ ਆ ਗਏ, ਰਸਤੇ ਵਿੱਚ ਉਸਨੇ ਵੇਖਿਆ ਹਰਦੀਪ ਇਕ ਵਾਰ ਵੀ ਉਸ ਨਾਲ ਨਹੀਂ ਬੋਲਿਆ ਤੇ ਉਸਦੀ ਸੋਚ ਹਜ਼ਾਰਾਂ ਮੀਲ ਦੂਰ ਸੀ. ਉਹ ਸੋਚ ਰਹੀ ਸੀ ਕਿ ਇਹ ਸੱਭ ਕੁਝ ਕੀ ਹੋ ਰਿਹਾ ਸੀ ਦਿਮਾਗ ਖਪਾ-ਉਣ ਤੋਂ ਬਾਅਦ ਵੀ ਉਹ ਕਿਸੇ ਸਿੱਟੇ ਉੱਪਰ ਨਾਂ ਪਹੁੰਚੀ।

ਘਰ ਵਾਪਸ ਆਉਣ ਤੇ ਉਸਨੇ ਵੇਖਿਆ ਕਿ ਸਾਰਿਆਂ ਦਾ ਸਲੂਕ ਹੀ ਬਦਲ ਚੁੱਕਿਆ ਸੀ। ਜਾਣ ਲੱਗਿਆਂ ਹਰਦੀਪ ਦੀ ਮਾਂ ਤੇ ਭੈਣ ਨੇ ਉਨ੍ਹਾਂ ਨੂੰ ਕਿੰਨੀ ਖੁਸ਼ੀ ਨਾਲ ਤੋਰਿਆ ਸੀ ਲੇਕਿਨ ਵਾਪਸ ਆਉਣ ਤੇ ਇਹ ਕੀ ਹੋ ਗਿਆ। ਇਸੇ ਖਿਚੋਤਾਣ ਵਿੱਚ ਰਾਤ ਪੈ ਗਈ, ਰਾਤ ਦੇ ਭਾਂਡੇ ਸੰਭਾਲ ਕੇ ਉਹ ਥਕਾਵਟ ਦੇ ਕਾਰਨ ਆਪਣੇ ਕਮਰੇ ਵਿੱਚ ਜਾ ਸੌਂ ਗਈ ਥੋੜੀ ਦੇਰ ਬਾਅਦ ਉਸਨੇ ਸੁਣਿਆ ਕਿ ਬਾਹਰੋਂ ਬੜੀ ਧੀਮੀ ਅਵਾਜ਼ ਵਿੱਚ ਕੋਈ ਗੱਲਾਂ ਕਰ ਰਿਹਾ ਸੀ ਇਹ ਹਰਦੀਪ ਦੀ ਮਾਂ ਤੇ ਭੈਣ ਹਰਦੀਪ ਦੇ ਦੁਆਲੇ ਬੈਠੀਆਂ ਸਨ।

" ਤੇ ਫਿਰ ਤੂੰ ਗਿਆ ਸੀ ਤੇਲ ਲੂਕਣ" ਇਹ ਹਰਦੀਪ ਦੀ ਮਾਂ ਦੀ ਅਵਾਜ਼ ਸੀ, ਹਰਦੀਪ ਨੇ ਕੋਈ ਜਵਾਬ ਨਹੀਂ ਦਿਤਾ। ਜਿੰਦੂ ਚੁਕੰਨੀ ਹੋ ਗਈ ਤੇ ਦਰਵਾਜ਼ੇ ਦੇ ਨੇੜੇ ਹੋ ਕੇ ਉਹਨਾਂ ਦੀਆਂ ਗੱਲਾਂ ਸੁਨਣ ਲੱਗੀ।

" ਤੈਨੂੰ ਤਾਂ ਭੇਜਿਆ ਸੀ ਕਿ ਇਸ ਕੰਨ ਪਾਟੀ ਕਾਲਜ ਪੜ੍ਹੀ ਦਾ ਕੰਮ ਨਿਬੇੜ ਕੇ ਆਉਂਦਾ, ਰਾਹ ਵਿੱਚ ਪਹਾੜ ਬੜੇ ਸਨ ਗਲ ਘੁੱਟ ਕੇ ਕਿਧਰੇ ਸੁੱਟ ਦਿੰਦਾ" ਤੈਨੂੰ ਚੰਨ ਵਰਗੀ ਇਸ ਤੋਂ ਸੋਹਣੀ ਵਹੁਟੀ ਹੋਰ ਲਿਆ ਦਿੰਦੀ" ਹਰਦੀਪ ਦੀ ਮਾਂ ਬੋਲੀ ਜਾ ਰਹੀ ਸੀ, ਲੇਕਿਨ ਜਿੰਦੂ ਦੇ ਪੈਰਾਂ ਥੱਲਿਉਂ ਇਹ ਸੁਣ ਕੇ ਧਰਤੀ ਖਿਸਕਦੀ ਜਾਪੀ ਤੇ ਉਹ ਕਾਲਜੇ ਦਾ ਰੁੱਗ ਭਰਕੇ ਉਥੇ ਹੀ ਦਰਵਾਜ਼ੇ ਨਾਲ ਢੋਅ ਲਾ ਕੇ ਬੈਠ ਗਈ।

'ਉਹ ਮੇਰਿਆ ਰੱਬਾ, ਇਹ ਤਾਂ ਮੈਨੂੰ ਮਾਰਨ ਦੀਆਂ ਸਕੀਮਾਂ ਸੋਚ ਰਹੇ ਹਨ, ਜਿੰਦੂ ਨੂੰ ਆਪਣੀ ਮੌਤ ਆਪਣੇ ਦਰਵਾਜ਼ੇ ਦੇ ਬਾਹਰ ਖੜ੍ਹੀ ਮਹਿਸੂਸ ਹੋਈ, ਤੇ ਉਸਦੀਆਂ ਅੱਖਾਂ ਵਿਚੋਂ ਪਰਲ ੨ ਹੰਝੂ ਵਹਿ ਤੁਰੇ " ਮਾਂ ਤੇਰੀਏ ਤੂੰ ਕੀ ਜਾਣੇ, ਮੇਰੇ ਨਾਲ ਸਮੁੰਦਰਾਂ ਦੇ ਪਾਰ ਬੈਠੀ ਨਾਲ ਕੀ ਬੀਤ ਰਹੀਆਂ ਨੇਂ, ਸੋਚ ਕੇ ਉਹਨੇ ਹੋਕਾ ਭਰਿਆ।

ਮਿੰਦੂ ਦਾ ਸਿਰ ਚਕਰਾ ਗਿਆ ਸੀ, ਰੋ ਰੋ ਕੇ ਉਸਦਾ ਬੁਰਾ ਹਾਲ ਸੀ, ਕਦੀ ਉਹ ਧੱਕੀ ਨੂੰ ਘੁੱਟ ਕੇ ਗਲ ਨਾਲ ਲਾ ਲੈਂਦੀ ਕਦੇ ਉਹ ਰੋਣ ਲੱਗ ਪੈਂਦੀ - ਉਸਨੂੰ ਸੁਝ ਨਹੀ ਰਿਹਾ ਸੀ ਕਿ ਉਹ ਕੀ ਕਰੇ।

ਅੱਧੀ ਰਾਤ ਪਈ, ਹਰਦੀਪ ਚੁੱਪ ਚਾਪ ਬਾਹਰੋਂ ਹੀ ਉੱਠ ਕੇ ਕੈਂਪ ਤੇ ਚਲਾ ਗਿਆ ਤੇ ਪਹਿਰ ਦੇ ਤੜਕੇ ਹਰਦੀਪ ਦੀ ਮਾਂ ਤੇ ਭੈਣ ਮਿੰਦੂ ਦੇ ਕਮਰੇ ਦਾ ਦਰਵਾਜ਼ਾ ਖੋਲ੍ਹ ਅੰਦਰ ਆਈਆਂ "ਕੰਜਰਾਂ ਦੀਏ ਅੱਜ ਤੇਰਾ ਬਦਲਾ ਲਵਾਂਗੀ ਤੇਰੀ ਤਾਂ ਇਥੋਂ ਚੀਕ ਵੀ ਕਿਸੇ ਨੂੰ ਨਹੀਂ ਸੁਣਦੀ, ਸੱਸ ਬੋਲੀ ਤੇ ਉਸਨੇ ਮਿੰਦੂ ਦੀਆਂ ਬਾਹਵਾਂ ਘੁੱਟਕੇ ਫੜ ਲਈਆਂ। ਹਰਦੀਪ ਦੀ ਭੈਣ ਨੇ ਪਿਛਲੇ ਪਾਸੇ ਤੋਂ ਕੇ ਮਿੰਦੂ ਦੇ ਗਲ ਵਿੱਚ ਚੁੰਨੀ ਪਾ ਲਈ ਤੇ ਉਸਦੇ ਗਲੇ ਨੂੰ ਘੁੱਟਦੀ ਗਈ। ਵਿਚਾਰੀ ਮਿੰਦੂ ਦੀ ਕੋਈ ਪੇਸ਼ ਨਹੀਂ ਗਈ ਤੇ ਉਹ ਉਥੇ ਹੀ ਜਾਨ ਤੋੜ ਗਈ। ਸੱਸ ਤੇ ਨਨਾਣ ਨੇ ਉਸਨੂੰ ਮੁੜ ਮੰਜੀ ਵਿੱਚ ਪਾ ਕੇ ਢੱਕ ਦਿੱਤਾ ਜਿਵੇਂ ਉਹ ਸੁੱਤੀ ਪਈ ਹੀ ਮਰ ਗਈ ਸੀ।

ਤੇ ਦੂਸਰੇ ਦਿਨ ਦੋ ਸਾਲਾਂ ਬਾਅਦ ਜਿਸ ਮਹੀਨੇ ਮਿੰਦੂ ਦੀ ਡੋਲੀ ਪੇਕੇ ਘਰੋਂ ਨਿਕਲੀ ਸੀ ਉਸੇ ਮਹੀਨੇ ਹੀ ਉਸਦੀ ਅਰਥੀ ਸਹੁਰੇ ਘਰੋਂ ਨਿਕਲ ਰਹੀ ਸੀ। ਅੱਜ ਇਕ "ਵਿਛੜੀ ਕੂੰਜ" ਦੁਨੀਆਂ ਨਾਲ ਰੁਸ ਚਲੀ ਸੀ।

o o o

**ਸੂਚਨਾਂ**

ਵਤਨੋਂ ਦੂਰ ਜੁਲਾਈ - ਅਗਸਤ 1981 ਦਾ ਅੰਕ ਕੈਨੇਡਾ ਪੰਜਾਬੀ ਕਾਵਿ ਅੰਕ ਹੋਵੇਗਾ। ਇਸ ਲਈ ਕਨੇਡਾ ਵਿੱਚ ਰਹਿ ਰਹੇ ਕਵੀਆਂ ਨੂੰ ਬੇਨਤੀ ਹੈ ਕਿ ਉਹ ਆਪਣੀਆਂ ਰਚਨਾਵਾਂ ਵਤਨੋਂ ਦੂਰ ਨੂੰ ਜੁਲਾਈ ਦੇ ਅੱਧ ਤੱਕ ਭੇਜ ਦੇਣ। ਅਸੀਂ ਧੰਨਵਾਦੀ ਹੋਵਾਂਗੇ। ਰਚਨਾਂ ਵਤਨੋਂ ਦੂਰ ਦੇ ਪਤੇ ਤੇ ਭੇਜੋ। — ਅਦਾਰਾ ਵਤਨੋਂ ਦੂਰ


# S&S Insurance SERVICES

(FORMERLY KINGSGATE INSURANCE)

**6679 MAIN STREET - 2nd FLOOR (at 51st. Ave)**

**VANCOUVER, B.C.**

TEL: 324-2311

**GET YOUR Autoplan AND HOME INSURANCE**

ਕਾਰਾਂ ਟਰੱਕਾਂ ਤੇ ਵੈਨਾਂ ਦੀ ਇਨਸ਼ੋਰੈਂਸ ਦੇ ਲਈ ਹੁਣੇ ਹੀ ਸਾਡੇ ਦਫਤਰ ਆਉ ਅਤੇ ਰਸ਼ ਤੋਂ ਬਚੋ। ਚੰਗੀ ਸਰਵਿਸ ਤੇ ਤਜਰਬੇਕਾਰ ਸਲਾਹ ਹਾਸਲ ਕਰੋ। ਅਸੀਂ ਇਨਕੱਮ ਟੈਕਸ ਸਬੰਧੀ ਆਪ ਦੀਆਂ ਲੋੜਾਂ ਵੀ ਪੂਰੀਆਂ ਕਰਾਂਗੇ

***Enquire about Added Autoplan Protection Benefits from us:***

- UNDER INSURED MOTORIST PROTECTION
- INCOME REPLACEMENT
- LOSS OF USE
- FREE AUTOPLAN MOTORIST KIT

***Income Tax Services also available***

## ਨੈਲੀ ਮੈਕਲੰਗ
Nellie Mclung

ਬੀ. ਸੀ. ਦੀ ਅੰਗ੍ਰੇਜ਼ੀ ਵਿਚ ਲਿਖਣ ਵਾਲੀ, ਕਵਿਤ੍ਰੀ ਤੇ ਨਾਵਲ ਲੇਖਕਾ ਹੈ। ਉਸ ਦਾ ਇਕ ਕਾਵਿ ਸੰਗ੍ਰਹਿ "Baraka" ਅਤੇ ਨਾਵਲ ਦੀ ਇਕ ਪੁਸਤਕ "Tea with Queen" ਛਪ ਚੁਕੀਆਂ ਹਨ।

ਮੈਂ ਕਦੇ ਵੀ ਵੇਖਣਾ ਨਹੀਂ ਚਾਹਵਾਂਗੀ, ਤਾਜ ਮਹੱਲ
— ਮੇਰੀ ਹਿੰਦੋਸਤਾਨੀ ਦੋਸਤ ਜਿਆਮਲੀ ਦਸਦੀ ਹੈ ਕਿ
ਜਦੋਂ ਸ਼ਾਹ ਜਹਾਨ ਨੇ ਆਪਣੀ ਪਤਨੀ ਨੂੰ ਅਮਰ ਕਰਨ ਲਈ
ਚਿੱਟੇ ਸੰਗਮਰਮਰ ਦਾ ਮਕਬਰਾ ਉਸਾਰ ਲਿਆ ਤਾਂ ਉਸਨੇ
ਦਗ਼ਦੇ ਲੋਹੇ ਦੀ ਸੀਖ ਨਾਲ ਸ਼ਿਲਪਕਾਰ ਦੀਆਂ ਅੱਖਾਂ
ਲੋਚ ਦਿੱਤੀਆਂ ਸਨ।
— ਜਿਵੇਂ ਰੂਸੀ ਜ਼ਾਰਾਂ ਨੇ ਉਹਨਾਂ ਔਰਤਾਂ ਨੂੰ ਸਦਾ ਲਈ ਘਰਾਂ ਵਿੱਚ ਕੈਦ
ਕਰ ਦਿੱਤਾ ਸੀ ਜਿੰਨ੍ਹਾਂ ਦੀਆਂ ਅੱਖਾਂ ਉਨ੍ਹਾਂ ਲਈ
ਉਮਰ ਭਰ ਮੋਤੀਆਂ ਵਾਲੀ ਕਸੀਦਾ ਕਾਰੀ ਕਰਦਿਆਂ ਕਰਦਿਆਂ
ਅੰਨ੍ਹੀਆਂ ਹੋ ਗਈਆਂ ਸਨ।
— ਤੇ ਜਿਵੇਂ ਨਿੱਕੀਆਂ ਬੱਚਰਾਂ, ਹੌਲੀ ਹੌਲੀ, ਜੂੰ ਤੋਰ ਤੁਰਦੀਆਂ
ਥੱਲੇ ਖਾਨਾਂ ਵਿੱਚ ਅੰਨੀਆਂ ਹੋਈਆਂ
ਅੱਖਾਂ ਨੂੰ, ਬਾਹਰ ਤਿੱਖੀ ਧੁੱਪ ਵਿੱਚ ਲਿਆਂਦੀਆਂ ਸਨ
ਮੈਂ ਕਦੇ ਵੀ ਵੇਖਣਾ ਨਹੀਂ ਚਾਹਵਾਂਗੀ—

—...—

## ਸੁਰਜੀਤ ਕਲਸੀ

### ਅੰਤਰ ਘਟ ਤਕ ਪਿਆਸੀ

ਅੰਤਰ ਘਟ ਤਕ ਵਿਗਸ ਰਹੀ
ਮਾਰੂਥਲਾਂ ਦੀ ਤ੍ਰੇਹ ਮੇਰੀ
ਪਿਆਸੀ ਹਾਂ ਇਕ ਬੂੰਦ ਲਈ
ਬੂੰਦ : ਇਕ ਦੁਨੀਆਂ ਤੇਰੀ
ਰੂਹ ਮੇਰੀ ਲਈ ਕਾਫ਼ੀ ਏ
ਇਕ ਕਤਰਾ ਤੇਰੇ ਸਾਗਰ ਵਿਚੋਂ
ਮੁਕਦਾ ਨਹੀਂ ਮੇਰੀ ਹੋਂਦ ਲਈ
ਇਕ ਜ਼ੱਰਾ ਤੇਰੇ ਬ੍ਰਹਿਮੰਡ ਵਿਚੋਂ

ਬਰਫ਼ ਵਾਂਗ ਜੰਮ ਗਈ ਹੈ ਜੋ
ਅਰਸੇ ਤੋਂ ਇਹ ਚੁੱਪ ਅਸਾਡੀ
ਪਤਾ ਨਹੀਂ ਮਨ–ਧੁੱਪ ਕਦ ਚੜ੍ਹੇਗੀ
ਕਦ ਇਸ ਨੂੰ ਪਿਘਲਾ ਸਕਾਂਗੇ

ਸੁਗੰਧਮਈ ਕੰਬਣੀ ਆਪਣੀ ਦੇ
ਆ ਕੁਝ ਨੇੜੇ ਹੋਕੇ ਬਹੀਏ
ਕਣੀਆਂ ਭਿੱਜੀ ਮਿੱਟੀ ਦੀ ਮਹਿਕ
ਦਾ ਨਿੱਘ ਕੁਝ ਮਹਿਸੂਸ ਕਰੀਏ
ਠਹਿਰੇ ਪਾਣੀ ਵਿਚ ਸੁੱਟ ਇਕ ਕੰਕਰ
ਘੁੰਮਣ ਘੇਰੀ ਦੀ ਹਲਚਲ ਤੱਕੀਏ
ਮਰ ਚੁਕੀ ਰਾਖ ਸਲੇਟੀ ਝਾੜ ਕੇ
ਉਦੋ ਫਿਰ ਇਕ ਚਿੰਗਾਰੀ ਕਰੀਏ
ਚੁੱਪ ਪਿਘਲ ਜਾਣ ਤੋਂ ਪਹਿਲਾਂ
ਆ ਆਪਣੇ ਅੰਤਰ-ਘਟ ਤਕ ਚਲੀਏ
ਆਪਣੀ ਧੁੱਪ ਇੰਜ ਹੀ ਸੇਕ ਸਕਾਂਗੇ
ਅੰਦਰ ਦੀ ਅਗਨੀ ਤੇ ਜਲ-ਸਤਹ ਆਪਣੀ
ਇੰਜ ਹੀ ਫਿਰ ਛੂਹ ਸਕਾਂਗੇ।

ਤੇਰੀਆਂ ਇਹ ਸਵਾਲੀ ਅੱਖੀਆਂ
ਸ਼ਿਵ-ਕੰਠ ਜਿਹੀ ਨੀਲੀ ਗਰਦਨ ਮੇਰੀ ਦੁਆਲੇ
ਨਿਰੰਤਰ ਆਦਿ ਕਾਲ ਤੋਂ ਭਟਕ ਰਹੀਆਂ

ਹੈਰਾਨ ਹੈਂ ਤੂੰ ਚੁੱਪ ਹਾਂ ਮੈਂ
ਕਿੰਜ ਦਸਾਂ : ਬ੍ਰਹਿਮੰਡ ਵਿਚ
ਕੇਵਲ ਇਕ ਅਣੂ ਹਾਂ ਮੈਂ
ਮਿਲੀ ਹੈ ਜਿਸਨੂੰ ਸ਼ਿਵ-ਸ਼ਕਤੀ
ਜ਼ਹਿਰ ਜ਼ਿੰਦਗੀ ਦਾ ਸਾਰਾ
ਪੀ ਸਕਾਂ ਜੀ ਸਕਾਂ ਮੁਸਕਾਂਦੀ
ਤੂੰ ਤਾਂ ਮੇਰੇ ਹੱਥੋਂ ਹਰ ਵਾਰ
ਖ਼ਾਲੀ ਪਿਆਲਾ ਫੜਦਾ ਰਿਹਾ
ਮਿਹਰਬਾਨ ਹੈਂ ਉਸ ਨੂੰ ਫਿਰ
ਕਿਨਾਰਿਆਂ ਤੱਕ ਭਰਦਾ ਰਿਹਾ
ਕਦੀ ਕਦਾਈਂ ਜਦ ਅੰਦਰ ਮੇਰੇ ਦਾ ਸ਼ੋਰ
ਕੁਝ ਬੋਲਾਂ ਦਾ ਜਾਮਾ ਪਾ ਛੇਰੇ
ਸਨਮੁਖ ਹੋਣ ਦੀ ਜੁਰਅਤ ਕਰਦਾ ਰਿਹਾ
ਹੱਥ ਤੇਰੇ ਦਾ ਪਿਆਲਾ ਫਿਰ
ਮੇਰੇ ਹੋਠਾਂ ਨਾਲ ਚਿਪਕ, ਜਾਂਦਾ ਰਿਹਾ
ਮੈਂ ਫਿਰ ਭੀ ਪਿਆਸੀ
ਅੰਤਰ ਘਟ ਤੱਕ ਪਿਆਸੀ ਹਾਂ

ਉਹ ਜ਼ਹਿਰ ਤੇਰਾ ਜੋ ਸਦੀਆਂ ਤੋਂ
ਜ਼ਿਹਨ ਮੇਰਾ ਡੰਗਦਾ ਰਿਹਾ
ਸਮੇਂ ਦੀ ਤੇਜ਼ ਧਾਰ ਤੇ ਲਗ ਕੇ
ਡੰਗ ਉਸਦਾ ਬੇਅਸਰ ਹੋ ਜਾਂਦਾ ਰਿਹਾ
ਵਿਸ਼-ਕੰਨਿਆ ਬਣਾ ਜੋ ਹਰ ਨਾਰੀ ਨੂੰ
ਖ਼ੁਦ ਦਵਾ ਹੀ ਬਣ ਜਾਂਦਾ ਰਿਹਾ।
ਅੱਜ ਚੰਡੀ ਵੀ ਹਾਂ ਮੈਂ ਦੁਰਗਾ ਵੀ
ਤੇ ਕਾਲੀ ਸ਼ਕਤੀਸ਼ਾਲੀ ਵੀ
ਤੇਰੇ ਸਨਮੁੱਖ ਮੈਂ ਕੁਝ ਵੀ ਬਣ ਜਾਂ
ਅੰਤਰ ਘਟ ਤਕ ਨਾਰੀ ਹੀ ਨਾਰੀ ਹੀ
ਪਿਆਸੀ ਹੈ ਜੋ ਅੰਤਰ ਘਟ ਤਕ ਪਿਆਸੀ
ਤੇਰੇ ਹੋਠਾਂ ਵਿਚੋਂ ਕਿਰੇ ਕਿਸੇ
ਅਪਣਤ ਬਚਨ ਦੀ ਅਭਿਲਾਸ਼ੀ

ਮੈਂ ਸੱਚ ਹਾਂ ਨੰਗਾ
ਅਲਫ਼ ਨੰਗਾ ਸੱਚ
ਉਕਸਾਊ ਜ਼ਹਿਰ ਕਿਹਾ ਜਿਸ ਨੂੰ ਤੂੰ
ਉਹ ਮਿਕਨਾਤੀਸੀ ਸ਼ਕਤੀ ਹਾਂ ਮੈਂ
ਕੰਠ ਮੇਰਾ ਨੀਲਾ ਅਜੇ ਵੀ ਨੀਲਾ
ਨਾਲ ਤੁਰਨ ਲਈ ਮੇਰੇ ਫਿਰ ਭੀ
ਕੀਤਾ ਹੈ ਤੁਸਾਂ ਜੋ ਹੀਲਾ
ਤਾਂ ਆਉ ਨਾ ਸਹੀ ਦੋ ਘੁੱਟ
ਇਕ ਬੂੰਦ ਹੀ ਸਹੀ
ਚੱਖ ਤਾਂ ਦੇਖੋ ਇਕ ਵਾਰ ਜ਼ਰਾ
ਮੇਰੇ ਮਾਸ ਪਿੰਜਰ ਵਿਚ ਵੜ ਕੇ ਦੇਖੋ ਜ਼ਰਾ
ਇਕ ਜਨੂੰਨ ਮੋਢੇ ਚੁਕੀ ਫਿਰਦੇ ਹੋ
ਸੋਚ ਦੀ ਪਗਡੰਡੀ ਤਜ ਕੇ ਜੋ ਤੁਰਦਾ
ਇਹ ਸ਼ੰਕ ਹੈ ਨਿਰਾ ਨਾਲ ਤੁਰਨ ਦਾ—

ਨੰਗੇ ਮੂੰਹ ਨੰਗੇ ਜ਼ਿਹਨ
ਕ਼ਦਮ ਨਾਲ ਕ਼ਦਮ ਮਿਲਾਕੇ ਤੁਰਨਾ
ਨੰਗੇ ਪੈਰੀਂ ਇਕ ਦੂਜੇ ਦੇ
ਤਪਦੇ ਜ਼ਿਹਨ ਤੇ ਭੱਖਦੇ ਭਾਵਾਂ ਦੇ
ਮਾਰੂਥਲਾਂ ਵਿਚੋਂ ਦੀ ਗੁਜ਼ਰਨਾ
ਦਸਤਾਨੇ ਲਾਹ ਕੇ ਹੱਥ ਵਿਚ ਹੱਥ ਫੜਨ ਲਈ ਤੂੰ ਆਦਮ ਹੋਵੇਂ

ਇਕ ਦੂਰੀ ਤੈ ਕਰਨੀ ਪੈਂਦੀ ਹੈ
ਆਪਣੀ ਆਪਣੀ ਹੋਂਦ ਵਿਚੋਂ
ਥੋੜੀ ਕੁ ਹਉਂ ਮਨਫ਼ੀ ਕਰਨੀ ਪੈਂਦੀ ਹੈ।

ਲਿਆ ਸਦੀਆਂ ਤੋਂ ਰਖੇ ਸਿਰਤਾਜ ਨੂੰ
ਮੇਰੇ ਸਿਰ ਦੀ ਹੋਣੀ ਬਣਾ
ਸ੍ਰਿਸ਼ਟੀ ਦੇ ਆਦਿ ਤੋਂ ਹੀ
ਮੈਂ ਹੱਵਾ ਤ੍ਰਿਸਕਾਰੀ ਤੇਰੀ
ਉਡੀਕ ਰਹੀ ਉਦੋਂ ਤੋਂ ਹੀ
ਕ਼ਦਰ ਦਾ ਇਕ ਕ਼ਤਰਾ
ਤੇਰੀਆਂ ਅੱਖੀਆਂ ਵਿਚੋਂ ਕਿਰ ਜਾਏ
ਜਨਮ ਜਨਮ ਤੋਂ ਸਰਾਪੀ ਮੇਰੀ
ਅੰਤਰਘਟ ਦੀ ਤ੍ਰਿਖਾ ਮਿਟ ਜਾਏ।

ਕ਼ਦਰ ਦਾ ਇਹ ਕ਼ਤਰਾ ਪਰ
ਕਿਰਨ ਲਈ ਸਮਾਂ ਤੇ ਪੁਲਾੜ
ਮੁੜ ਪਿਛਾਂਹ ਨੂੰ ਗਿੜਨਾ ਚਾਹੁਣ
ਤਾਂ ਜਾ ਨਹੀਂ ਸਕਣੇ
ਇਸ ਲਈ ਜ਼ਿਹਨ ਤੇਰੇ ਨੂੰ
ਨਿਰੰਤਰ ਅਥਾਹ ਸਮੇਂ ਤੇ
ਅਸਗਾਹ ਪੁਲਾੜ ਵਿਚ
ਗਿੜਦੇ ਰਹਿਣਾ ਹੈ ਗ਼ਿੜਦੇ ਰਹਿਣਾ ਹੈ
ਕਈ ਲੱਖ ਸੂਰਜਾਂ ਨੇ ਜੰਮਣਾ ਹੈ
ਕਈ ਲੱਖ ਸੂਰਜਾਂ ਨੇ ਮਰਨਾ ਹੈ
ਮਾਦੇ ਦੇ ਜ਼ੱਰੇ ਜ਼ੱਰੇ ਦਾ ਮੰਥਨ ਹੋਏ
ਫਿਰ ਸ਼ਾਇਦ ਕਿਤੇ ਸਮੇਂ ਦਾ ਉਹ ਛਿਣ
ਪੁਲਾੜ ਦਾ ਉਹ ਬਿੰਦੂ ਮੁੜ ਆਏ
ਉਸ ਸਵਰਗੀ ਵਾਟਿਕਾ ਦੀ ਮਦਮਸਤ ਮਹਿਕ
ਅਣਛੂਹੇ ਰੁੱਖਾਂ ਫੁੱਲਾਂ ਦੀ ਖ਼ੁਸ਼ਬੂ
ਕੰਵਾਰੀ ਕਾਇਨਾਤ ਦੀ
ਚਿਕਨੀ ਉਹੀ ਸਬਜ਼ ਆਭਾ
ਉਸੇ ਤਰ੍ਹਾਂ ਹੀ ਇੰਨ ਬਿਨ
ਆਪਣੇ ਆਪੇ ਨੂੰ ਸਿਰਜਦੀ
ਸ੍ਰਿਸ਼ਟੀ ਨਜ਼ਰ ਇਕ ਵਾਰ ਮੁੜ ਆਏ :

ਮੈਂ ਉਹੀ ਹੱਵਾ ਤੇਰੀ
ਹਰੀਆਂ ਬਲੌਰੀ ਅੱਖੀਆਂ ਵਾਲਾ
ਉਹੀ ਲਿਸ਼ਕਦਾ ਚਿੱਤਕਬਰਾ ਸਰਪ
ਸ਼ਾਖ਼ ਤੋਂ ਸ਼ਾਖ਼ ਡਾਲ ਤੋਂ ਡਾਲ
ਸਰਕਦਾ ਤਿਲਕ ਰਿਹਾ ਹੋਵੇ
ਮਹਿਕ ਮੇਰੇ ਬਦਨ ਦੀ
ਫਿਰ ਚੋਰੀ ਕਰ ਰਿਹਾ ਹੋਵੇ
ਤੇਰੇ ਮੇਰੇ ਸਾਥ ਉਤੇ
ਬੇਵਜਹ ਸੜ ਰਿਹਾ ਹੋਵੇ
ਇਕ ਦੂਜੇ ਦੀਆਂ ਨਜ਼ਰਾਂ ਵਿਚ
ਸਾਨੂੰ ਸੁੱਟਣ ਦੀਆਂ ਸਾਜ਼ਿਸ਼ਾਂ ਘੜ ਰਿਹਾ ਹੋਵੇ!
ਇਸ ਵਾਰ ਉਸਦਾ ਜੂਠਾ
ਸੇਬ ਨਹੀਂ ਮੈਂ ਖਾਣਾ
ਨਾਂ ਹੀ ਤੈਨੂੰ ਖਾਣ ਲਈ ਉਕਸਾਣਾ
ਇਸ ਵਾਰ ਤਾਂ ਬਸ
ਅੱਖ ਉਸ ਨੂੰ ਬਚਾਉਣ ਨਹੀਂ ਹੈ ਦੇਣੀ
ਤਿੱਖੇ ਤੀਰ ਨਾਲ ਹੈ ਵਿੰਨ੍ਹ ਦੇਣੀ
ਉਸਦੀ ਸ਼ੈਤਾਨ ਮਣੀ

ਜੇਠਾ ਫਲ ਸ੍ਰਿਸ਼ਟੀ ਦਾ
ਪ੍ਰਥਮ ਆਦਮ ਨੇ ਚੱਖਣਾ ਹੈ
ਆਦਮ : ਦਿਮਾਗ਼ ਹੈ ਕਾਇਨਾਤ ਦਾ
ਸਾਗਰ ਹੈ ਕਦਰ ਦਾ
ਹੱਵਾ ਦੇ ਮੱਥੇ ਉਕਰਿਆ
ਸਰਾਪ ਤਾਂ ਉਹ ਪੂੰਝ ਦਏਗਾ
ਅੰਤਰ ਘਟ ਦੀ ਪਿਆਸ ਦਾ
ਤ੍ਰੇਹ-ਸ਼ਿਗਾਫ਼ ਫਿਰ ਆਪ ਭਰੇਗਾ
ਕਾਇਆ ਕਲਪਿਤ ਇਹ ਸੰਕਲਪ
ਜਦ ਆਦਮ ਦੇ ਦਿਮਾਗ਼-ਗਰਭ ਵਿਚ
ਅੰਕੁਰ ਬਣ ਨਵ ਜਨਮ ਲਏਗਾ।

—o—

## ਸੂਚਨਾ

ਸਿੱਖ ਇਤਿਹਾਸ ਦਾ ਅਛੂਤੀ ਡਰਾਮਾਂ 'ਰਾਣੀ ਜਿੰਦਾਂ' ਕਨੇਡਾ ਦੇ ਵੱਡੇ ਵੱਡੇ ਸ਼ਹਿਰਾਂ ਵਿੱਚ ਖੇਡਿਆ ਜਾ ਰਿਹਾ ਹੈ। ਡਰਾਮੇ ਦੇ ਲੇਖਕ ਹਰਚਰਨ ਸਿੰਘ ਹਨ। ਜੋ ਪਹਿਲਾਂ 'ਚਮਕੌਰ ਦੀ ਗੜ੍ਹੀ' ਅਤੇ 'ਹਿੰਦ ਦੀ ਚਾਦਰ' ਡਰਾਮੇ ਖੇਡ ਰਾਸ਼ਟਰੀ ਪੁਰਸਕਾਰ ਜਿੱਤ ਚੁੱਕੇ ਹਨ। ਵੈਨਕੂਵਰ ਵਿੱਚ ਇਹ ਡਰਾਮਾਂ ਜੁਲਾਈ 25 ਅਤੇ 31 ਵਿਚਕਾਰ ਖੇਡਿਆ ਜਾ ਰਿਹਾ ਹੈ। ਹੋਰ ਸ਼ਹਿਰਾਂ ਵਿੱਚ ਡਰਾਮੇ ਖੇਡਣ ਦੀ ਤਰੀਕ ਜਾਨਣ ਬਾਰੇ ਹੇਠ ਲਿਖੇ ਫੋਨਾਂ ਤੇ ਫੋਨ ਕਰੋ:-

ਕਨੇਡਾ :- (416) 792-8254
(416) 336-7024


ਭਾਰਤੀ ਆਰਟ ਜਿਊਲਰਜ਼

ORIENTAL SILVER AND GOLD JEWELRY REPAIRING



BHARTI ART JEWELLERS

Specialist in East Indian Jewelry Craftware

RASIK PAREKH
Res.:.879-5610
Store: 874-9448

865 Kingsway nr. Fraser
Vancouver B.C., Canada

We Also Take Orders For
Marriage Party Photos and Group Photos
Contact Raj

# ਬੈੱਥ ਜੈਨਕੋਲਾ

(BETH JANKOLA) ਬੈੱਥ ਜੈਨਕੋਲਾ ਬ੍ਰਿਟਿਸ਼ ਕੋਲੰਬੀਆ ਦੀ ਅੰਗ੍ਰੇਜ਼ੀ ਵਿਚ ਲਿਖਣ ਵਾਲੀ ਕਵਿਤ੍ਰੀ ਹੈ। ਉਸ ਦੇ ਚਾਰ ਕਾਵਿ ਸੰਗ੍ਰਹਿ ਛਪ ਚੁਕੇ ਹਨ: The Way I See It, Jody Said, Mirror Mirror, ਅਤੇ Girl of The Golden West.

## ਕਾਇਆ ਕਲਪ

ਔਰਤ / ਇਕ ਉਹ ਦਿਖਾਵਟੀ ਹੈ
ਜਿਹੜਾ / ਅਸੀਂ ਸੋਚਦੇ ਹਾਂ / ਮਰਦ ਹੈ
ਆਰਾਮ ਨਾਲ / ਸੋਚ-ਪੂੰਜੀ ਇਕਾਂਤ
ਵਿਚ / ਸ਼ੀਸ਼ੇ ਸਾਹਮਣੇ ਖਲੋਤਾ /
ਅਸੀਂ ਦੇਖਦੇ ਹਾਂ ਕਿ
ਉਹ ਸਿਰਫ਼ / ਉਸ ਮਰਦ
ਦਾ ਉਹ ਦਿਖਾਵਟੀ ਪੇਸ਼ ਕਰਦੀ ਹੈ/
ਜੋ ਮੇਕਅੱਪ ਨਾਲ / ਕਾਇਆ
ਕਲਪ ਕਰਕੇ ਔਰਤ ਵਿਚ
ਬਦਲ ਜਾਂਦਾ ਹੈ / ਮੁਕੰਮਲ /
ਉਸ ਦੇ ਨਾਟਕਾਂ ਦੇ ਪਿੱਛੇ
'ਅਰਥ ਵਿਚ' ਦਾ / ਰੂਹਦਾਰ
ਸੰਗੀਤ ਹੁੰਦਾ ਹੈ।

## ਕਲਾ ਦੀ ਇਕ ਕਿਰਤ

ਔਰਤ ਨੂੰ ਪਿਆਰ ਕਰਨਾ / ਹੈ
ਕਲਾ ਦੀ ਇਕ ਕਿਰਤ / ਉਸ ਦੇ ਬਿਨਾ
ਅਤੇ
ਔਰਤ ਦੀ ਹਮੇਸ਼ਾ ਸੁਰੱਖਿਆ ਕੀਤੀ ਜਾਣੀ ਚਾਹੀਦੀ ਹੈ
ਉਸ ਦੇ ਬਿਨਾ
ਉਸ ਦਾ ਖੇਡਣ ਵਾਲੀ ਗੁੱਡੀ ਵਰਗਾ ਸਿਰ/
ਮੂੰਹ ਦੇਖਣ ਵਾਲੇ ਸ਼ੀਸ਼ੇ ਨਾਲ ਚਿਪਕਾਇਆਂ
ਕਾਲੇ ਜਾਲੀਦਾਰ ਬੁਰਕੇ ਅੰਦਰ/
ਉਸ ਦੀ ਰੱਖਿਆ ਕਰਦਿਆਂ / ਅਤੇ
ਇਸ ਦੇ ਨਾਲ ਹੀ ਉਸ ਨੂੰ
ਤਾਲੇ ਅੰਦਰ ਬੰਦ ਕਰਦਿਆਂ/

ਉਸ ਦੀ ਸੁਰੱਖਿਆ ਕੀਤੀ ਜਾਣੀ ਚਾਹੀਦੀ ਹੈ।

ਮੇਰੀ ਧੀ ਤੇ ਮੈਂ/ ਆਪਣੇ ਬੈਠਣ ਕਮਰੇ ਵਿਚ/ ਗ੍ਰੈਨਾਈਟ ਪੱਥਰ ਦੀ ਬਣੀ ਹੋਈ ਵਡੀ ਸਾਰੀ ਫਾਇਰ ਪਲੇਸ ਅਗੇ/ ਬੈਠੀਆਂ ਹਾਂ/ ਫੋਨ ਦੀ ਘੰਟੀ ਖੜਕਦੀ ਹੈ/ ਮੈਂ ਦੇਖਦੀ ਹਾਂ ਕੌਣ ਹੈ ਜੋਡੀ ਕਹਿੰਦੀ ਹੈ/ ਮੰਮੀ ਤੇਰੇ ਨਾਲ ਕੋਈ ਗੱਲ ਕਰਨਾ ਚਾਹੁੰਦਾ ਹੈ/ ਫੋਨ ਦਾ ਉੱਤਰ ਦੇਣ ਲਈ ਭੱਜ ਕੇ ਜਾਂਦੀ ਹਾਂ/ ਆਪਣੀ ਮੇਜ਼ ਲਾਗਿਉਂ ਲੰਘਦਿਆਂ/ ਮੈਂ ਦੇਖਦੀ ਹਾਂ/ ਕਿ ਬਿੱਲੀ ਨੂੰ ਜਿਹੜਾ ਬਰਗਰ ਖਾਣ ਨੂੰ ਦਿਤਾ ਸੀ/ ਉਸ ਦੇ ਮੱਛੀ ਦਾ ਕੰਡਾ ਸੰਘ ਵਿਚ ਫਸਾ ਲਿਆ ਹੋਇਆ ਸੀ/ ਜੋਡੀ ਨੂੰ ਕਹਿੰਦੀ ਹਾਂ ਕਿ ਬਿੱਲੀ ਨੂੰ ਫੜ ਕੇ ਕੰਡਾ ਕੱਢ ਦੇ/ ਫੋਨ ਤੋਂ ਇਕ ਮਰਦਾਨਾ ਆਵਾਜ਼ ਮੈਨੂੰ ਦਸਦੀ ਹੈ ਕਿ ਉਹ ਸੀ.ਬੀ.ਸੀ. ਰੇਡੀਓ ਤੋਂ ਬੋਲ ਰਿਹਾ ਹੈ/ ਜੋਡੀ ਬਿੱਲੀ ਵੱਲ ਭਜ ਕੇ ਜਾਂਦੀ ਹੈ ਤੇ ਉਸ ਨੂੰ ਬਾਹਾਂ ਵਿਚ ਚੁੱਕ ਲੈਂਦੀ ਹੈ/ ਉਹ ਘਬਰਾਈ ਨਜ਼ਰ ਆ ਰਹੀ ਹੈ/ ਉਹ ਮੇਰੀਆਂ ਨਜ਼ਮਾਂ ਬਾਬਤ ਕਰਕੇ ਇਕ ਟੇਪ ਤਿਆਰ ਕਰਨਾ ਚਾਹੁੰਦਾ ਹੈ/ ਜੋਡੀ ਪਾਗਲਾਂ ਵਾਂਗ ਮੈਨੂੰ ਹੱਥ ਨਾਲ ਇਸ਼ਾਰੇ ਕਰ ਕਰ ਕੇ ਕੁਝ ਸਮਝਾਉਣ ਦਾ ਯਤਨ ਕਰਦੀ ਹੈ/ ਪੰਜਾਹ ਸੈਂਟ ਫ਼ੀ ਲਾਈਨ ਦੇ ਹਿਸਾਬ ਉਹ ਕਹਿੰਦਾ ਹੈ/ ਜੋਡੀ ਬਿੱਲੀ ਦੇ ਮੂੰਹ ਵੱਲ ਇਸ਼ਾਰਾ ਕਰ ਰਹੀ ਹੈ/ ਹਾਂ ਨਜ਼ਮਾਂ ਦੇ ਖਰੜੇ ਦੀ ਇਕ ਕਾਪੀ ਉਸ ਕੋਲ ਪਹਿਲਾਂ ਪਹੁੰਚਣੀ ਚਾਹੀਦੀ ਹੈ/ ਜੋਡੀ ਚੀਖ਼ਦੀ ਹੈ ਕੁਝ ਕਰ/ ਮੈਂ ਕਿਚਨਡਾਈਨਿੰਗ ਰੂਮ ਵਿਚ ਆ ਸਕਦੀ ਹਾਂ/ ਕਿਸੇ ਸਮੇਂ ਵੀ/ ਮੈਂ ਕੋਈ ਬਾਕਾਇਦਾ ਰੁਜ਼ਗਾਰ ਤਾਂ ਕਰਦੀ ਨਹੀਂ/ ਮੰਮੀ ਮੇਰੀ ਬੱਚੀ ਚੀਖ਼ਦੀ ਹੈ/ ਦੇਖੋ ਮੇਰੀ ਧੀ ਘਬਰਾਈ ਹੋਈ ਹੈ/ ਉਹੋ ਉਹ ਕਹਿੰਦਾ ਹੈ/ ਇਸ ਹਫਤੇ ਦੇ ਅੰਤ ਤੱਕ ਮੈਂ ਆਪਣੀਆਂ ਨਜ਼ਮਾਂ ਦਾ ਖਰੜਾ ਡਾਕ ਵਿਚ ਪਾ ਦਿਆਂਗੀ/ ਬਹੁਤ ਅੱਛਾ ਉਹ ਕਹਿੰਦਾ ਹੈ/ 'ਚਾਓ' ਉਹ ਕਹਿੰਦਾ ਹੈ/ ਮੈਂ ਝੱਟ ਪੱਟ ਚਿਮਟੀ ਲੈਂਦੀ ਹਾਂ/ ਮੈਂ ਤੇ ਜੋਡੀ ਮੱਛੀ ਦਾ ਕੰਡਾ ਬਿੱਲੀ ਦੇ ਸੰਘ ਵਿਚੋਂ ਬਾਹਰ ਕੱਢ ਦੇਂਦੀਆਂ ਹਾਂ/ ਇਸ ਸਮੇਂ ਮੇਰਾ ਦਿਲ ਕਰਦਾ ਹੈ ਕਿ ਮੈਂ ਆਪਣੀਆਂ ਨਾਲ ਗੱਲਾਂ ਕਰਾਂ/ ਉਹ ਹਮੇਸ਼ਾਂ ਗਲਤ ਫਲਤ ਬੋਲਦੀ ਰਹਿੰਦੀ ਹੈ/ ਸਾਡੇ ਵਿਚਕਾਰ ਅਕਸਰ ਗੱਲ ਟੁੱਟ ਜਾਂਦੀ ਹੈ/ ਤੇ ਅਸੀਂ ਹਰ ਵਾਰ ਫੇਰ ਰਖ ਦੇਂਦੀਆਂ ਹਾਂ/ ਘਰ ਵਿਚ ਅੰਦਰ ਬਾਹਰ ਥੋੜਾ ਘੁੰਮਣ ਦਾ ਯਤਨ ਕਰਦੀ ਹਾਂ/ ਜੋਡੀ ਮੇਰੇ ਸਾਹਮਣੇ ਪੌਦੇ ਵਾਂਗ ਜੰਮ ਕੇ ਖੜੋ ਜਾਂਦੀ ਹੈ/ ਮੈਂ ਕਹਿ ਉਠਦੀ ਹਾਂ ਇਹ ਗੱਲਾਂ ਮੈਨੂੰ ਇਕਦਮ ਘਬਰਾਟ ਚੜ੍ਹਾ ਦੇਂਦੀਆਂ ਹਨ/ ਦੇਖੋ/ ਉਹ ਕਹਿੰਦੀ ਹੈ/ ਜਿੰਨਾਂ ਚਿਰ ਤੁਸੀਂ ਚਾਹੁੰਦੇ ਨਹੀਂ ਤੁਸੀਂ ਕਦੀਂ ਸਟਾਰ ਨਹੀਂ ਬਣ ਸਕਦੇ/ .



# ਇੰਟਰਵਿਊ

ਕਨੇਡੀਅਨ ਫਾਰਮ ਵਰਕਰਜ਼ ਯੂਨੀਅਨ ਦੇ ਮੈਂਬਰ ਪਿਛਲੇ ਕੁ ਢਾਈ ਮਹੀਨਿਆਂ ਤੋਂ ਰਿਚਮੰਡ ਅਤੇ ਲੈਂਗਲੀ, (ਬੀ.ਸੀ.) ਵਿੱਚ ਹੜਤਾਲ ਉਪਰ ਹਨ। ਲੈਂਗਲੀ ਵਿਚਲੇ ਫਾਰਮ ਵਿੱਚ ਖੁੰਬਾਂ ਉਗਾਈਆਂ ਜਾਂਦੀਆਂ ਹਨ ਤੇ ਉਥੇ ਤੀਹਾਂ ਦੇ ਦੁਆਲੇ ਕਾਮੇ ਕੰਮ ਕਰਦੇ ਹਨ। ਇਸ ਫਾਰਮ ਵਿੱਚ ਖੁੰਬਾਂ ਤੋੜਨ ਦਾ ਕੰਮ ਔਰਤਾਂ ਕਰਦੀਆਂ ਹਨ ਤੇ ਉਹ ਸਾਰੀਆਂ ਹੀ ਪੰਜਾਬੀ ਹਨ। ਇਹਨਾਂ ਔਰਤਾਂ ਨੂੰ ਪੀਸ ਰੇਟ ਮੁਤਾਬਕ ਪੈਸੇ ਮਿਲਦੇ ਹਨ। ਇਸ ਸਿਸਟਮ ਨਾਲ ਉਹ ਕਈ ਵਾਰੀ ਜਦੋਂ ਖੁੰਬਾਂ ਜ਼ਿਆਦਾ ਹੋਣ ਤਾਂ ਔਸਤਨ ਘੰਟੇ ਦੇ 6-7 ਡਾਲਰ ਤੱਕ ਵੀ ਬਣਾ ਲੈਂਦੀਆਂ ਹਨ। ਪਰ ਕਈ ਵਾਰੀ ਉਹਨਾਂ ਨੂੰ ਘੰਟੇ ਦੇ ਕੁੱਝ ਸੈਂਟ ਹੀ ਮਸੀਂ ਬਣਦੇ ਹਨ। ਕੰਮ ਦੀਆ ਹਾਲਤਾਂ ਵੀ ਚੰਗੀਆਂ ਨਹੀਂ, ਕੋਈ 'ਓਵਰਟਾਈਮ' ਨਹੀਂ, ਛੁੱਟੀਆਂ ਨਹੀਂ, ਕੰਮ ਦਾ ਕੋਈ ਬੱਝਵਾਂ ਟਾਈਮ ਨਹੀਂ, ਲੰਚ ਰੂਮ, ਬਾਥਰੂਮ ਚੰਗੀਆ ਨਹੀਂ। ਮਾਲਕ ਵੱਲੋਂ ਇਹਨਾਂ ਨਾਲ ਬਹੁਤੀ ਵਾਰੀ ਸਲੂਕ ਵੀ ਚੰਗਾ ਨਹੀਂ ਕੀਤਾ ਜਾਂਦਾ। ਇਹਨਾਂ ਤਕਲੀਫਾਂ ਨੂੰ ਦੂਰ ਕਰਨ ਲਈ ਇਹਨਾਂ ਕਾਮਿਆਂ ਨੇ ਇਕੱਠੇ ਹੋ ਕੇ ਪਿਛਲੇ ਸਾਲ CFU ਦੀ ਮਦਦ ਨਾਲ ਇਥੇ ਯੂਨੀਅਨ ਕਾਇਮ ਕੀਤੀ। ਗੱਲਬਾਤ ਰਾਹੀਂ ਫਾਰਮਰ ਤੋਂ ਆਪਣੀਆਂ ਮੰਗਾਂ ਮੰਨਾਉਣ ਦੀ ਕੋਸ਼ਿਸ਼ ਕੀਤੀ ਪਰ ਫਾਰਮਰ ਨੇ ਇਹਨਾਂ ਦੀਆਂ ਕੋਸ਼ਿਸ਼ਾਂ ਨੂੰ ਗੰਭੀਰਤਾ ਨਾਲ ਨਹੀਂ ਲਿਆ। ਅਖੀਰ ਵਿੱਚ ਇਹਨਾਂ ਨੂੰ ਮਜਬੂਰ ਹੋ ਕੇ 14 ਅਪ੍ਰੈਲ 1981 ਤੋਂ ਹੜਤਾਲ ਕਰਨੀ ਪਈ। CFU ਦੀ ਇਹ ਪਹਿਲੀ ਹੜਤਾਲ ਹੈ ਤੇ ਫਾਰਮਰ ਇਸ ਹੜਤਾਲ ਨੂੰ ਫੇਲ੍ਹ ਕਰਨ ਲਈ ਇਕ ਜੁੱਟ ਹੋ ਗਏ ਹਨ। ਪਰ ਦੂਜੇ ਪਾਸੇ ਕਾਮੇ ਵੀ ਡਟੇ ਹੋਏ ਹਨ। ਕਮਿਊਨਿਟੀ ਵਿੱਚੋਂ ਵੀ ਇਹਨਾਂ ਦੇ ਘੋਲ ਨਾਲ ਹਮਦਰਦੀ ਰੱਖਣ ਵਾਲੇ ਲੋਕ ਇਹਨਾਂ ਦੀ ਪੂਰੀ ਮਦਦ ਕਰ ਰਹੇ ਹਨ।

ਇਹ ਗੱਲਬਾਤ ਅਸੀਂ ਹੜਤਾਲ ਕਰ ਰਹੀਆਂ ਕਾਮਾਂ ਔਰਤਾਂ ਨਾਲ ਉਹਨਾਂ ਦੀ ਪਿਕਟ ਤੇ ਜਾ ਕੇ ਕੀਤੀ। ਰਾਤ ਦੀ ਵਕਤ ਪਿਕਟ ਉਪਰ ਮੌਜੂਦ ਪੰਜ ਔਰਤਾਂ ਵਿੱਚੋਂ ਦੋ ਨੇਂ ਸਾਡੇ ਨਾਲ ਆਪਣੀ ਹੜਤਾਲ ਬਾਰੇ ਗੱਲਬਾਤ ਕੀਤੀ। [ਅਮਰਜੀਤ ਤੇ ਸਾਧੂ]

? : ਸਭ ਤੋਂ ਪਹਿਲਾਂ ਤੁਸੀਂ ਸਾਨੂੰ ਆਪਣੇ ਕੰਮ ਬਾਰੇ ਦੱਸੋ, ਤੁਹਾਨੂੰ ਕਿਹੋ ਜਿਹਾ ਕੰਮ ਕਰਨਾਂ ਪੈਂਦਾ ਹੈ ਤੇ ਇਹ ਜਿਸਮਾਨੀ ਤੌਰ ਤੇ ਕਿੰਨਾ ਕੁ ਸਖਤ ਹੈ?

ਪਹਿਲੀ: ਜਿਸਮਾਨੀ ਤੌਰ ਤੇ ਵੀ ਜੀ ਸਾਡਾ ਕੰਮ ਬਹੁਤ 'ਹਾਰਡ' ਹੈ। ਸਾਨੂੰ ਇਹ ਕੰਮ ਕਈ ਵਾਰੀ ਖੜ੍ਹ ਕੇ ਕਰਨਾ ਪੈਂਦਾ ਹੈ, ਕਈ ਵਾਰੀ ਬੈਠ ਕੇ ਤੇ ਕਈ ਵਾਰੀ ਝੁਕ ਕੇ ਕਰਨਾਂ ਪੈਂਦਾ ਹੈ।

ਦੂਜੀ: ਕੰਮ ਕਰਨ ਲਈ ਸਾਨੂੰ ਕਈ ਵਾਰ 'ਲੈਡਰ' (ਪੌੜੀ) ਯੂਜ਼ ਕਰਨੀ ਪੈਂਦੀ ਆ ਜਿਹੜੀ ਕਿ ਬਹੁਤ ਭਾਰੀ ਹੁੰਦੀ ਹੈ। ਕਈ ਵਾਰੀ ਜਿਵੇਂ ਹੁਣ ਠੰਡੇ ਰੂਮ ਆ ਉਹ ਤਾਂ ਉਵੇਂ ਹੀ ਜਾਂਦੇ ਆ ਪਰ ਉਪਰਲੇ ਦੋ ਸੈਕਸ਼ਨ ਲੈਡਰ ਨਾਲ ਕਰੀ ਦੇ ਆ ਤੇ ਉਹ ਲੈਡਰ ਇੱਕ ਬੈੱਡ ਤੋਂ ਦੂਜੇ ਬੈੱਡ ਤੇ ਮੂਵ ਕਰਨੀ ਵੀ ਬੜੀ ਔਖੀ ਆ।

? : ਇਸ ਖੁੰਬਾਂ ਦੇ ਫਾਰਮ ਵਿੱਚ ਕੁਲ ਕਿੰਨੇ ਕਾਮੇ ਕੰਮ ਕਰਦੇ ਹਨ?

ਦੂਜੀ: ਪਹਿਲਾਂ ਬਾਰ੍ਹਾਂ ਰੂਮ ਹੁੰਦੇ ਸੀ, ਜਿਵੇਂ ਇਹਨਾਂ ਦੇ 35 ਕਾਮੇ ਹੁੰਦੇ ਸੀ - ਪੈਂਤੀਆਂ ਤੋਂ ਵੀ ਜਾਂਦੇ ਈ ਸੀਗੇ ਤੇ ਹੁਣ 6 ਰੂਮ ਰਹਿ ਗਏ ਸੀ। ਇਹਨਾਂ ਕੰਮ ਥੋੜਾ ਜਿਹਾ ਘਟਾ ਦਿੱਤਾ ਸੀ ਤੇ ਹੁਣ ਕੁੜੀਆਂ ਵੀ ਘੱਟ ਗਈਆਂ ਸਨ ਤੇ ਮੁੰਡੇ ਵੀ। ਹੁਣ ਜਿਵੇਂ 19 ਕੁ ਦੇ ਕਰੀਬ ਸੀ ਗੇ।

? : ਇਹਨਾਂ ਕਾਮਿਆਂ ਵਿੱਚੋਂ ਭਾਰਤੀ ਜਾਂ ਪੰਜਾਬੀ ਕਿੰਨੇ ਹਨ?

ਦੂਜੀ: ਜਿਹੜੇ 'ਪਿੱਕਰ' ਸਨ ਉਹਨਾਂ ਵਿਚੋਂ ਤਾਂ ਇਕ ਗੋਰੀ ਰੈਗੂਲਰ ਆਉਂਦੀ ਸੀ ਤੇ ਬਾਕੀ ਜਿੰਨੀਆਂ ਆਉਂਦੀਆਂ ਸਨ ਕੋਈ ਦੋ ਦਿਨ ਲਾ ਜਾਂਦੀ ਸੀ ਕੋਈ ਹਫਤਾ ਲਾ ਜਾਂਦੀ ਸੀ ਇਹਤੋਂ ਵੱਧ ਨਹੀਂ ਕਿਸੇ ਨੇ ਲਾਏ। ਆਉਂਦੀਆਂ ਕਾਫੀ ਸਨ। 'ਮੈਜਾਰਟੀ' ਕੁੜੀਆਂ ਜਿਵੇਂ ਆਪਣੀਆਂ ਹੀ ਹਨ ਤੇ ਮੁੰਡੇ ਗੋਰੇ ਸਨ।

? : ਇਹਦਾ ਕੀ ਕਾਰਨ?

ਦੂਜੀ: ਇੱਕ ਤਾਂ ਕੰਮ ਭਾਰਾ ਆ। ਉਹਨਾਂ ਕੋਲੋਂ ਭਾਰਾ ਕੰਮ ਘੱਟ ਵੀ ਹੁੰਦਾ ਹੈ ਇਹ ਹੀ 'ਰੀਜ਼ਨ' ਹੋ ਸਕਦਾ। ਕੰਮ ਭਾਰਾ ਹੋਣ ਕਰਕੇ ਇਥੇ ਜਿੰਨੀਆਂ ਕੁੜੀਆਂ ਕੰਮ ਕਰਦੀਆ ਹਨ ਉਹਨਾਂ ਸਾਰੀਆਂ ਨੂੰ ਹੀ ਤਕਰੀਬਨ 'ਬੈਕ-ਪਰਾਬਲਮ' ਹੈ।

ਪਹਿਲੀ: ਜਦੋਂ ਖੁੰਬਾਂ ਬਰੀਕ ਹੁੰਦੀਆਂ ਹਨ ਤਾਂ ਪਿੱਕ ਕਰਨੀਆਂ ਹਾਰਡ ਹੁੰਦੀਆਂ ਹਨ ਤੇ ਇਹਨਾਂ ਨਾਲ ਸਾਡਾ ਬਣਦਾ ਕੁੱਝ ਨਹੀਂ। ਕਈ ਵਾਰੀ ਇੱਕ ਰੂਮ ਦੇ ਵਿੱਚ ਹੀ ਸਾਰਾ ਸਾਰਾ ਦਿਨ ਲੰਘ ਜਾਂਦਾ ਹੈ।

? : ਇਥੇ ਜਿਹੜੀ ਕਨੇਡੀਅਨ ਫਾਰਮ ਵਰਕਰਜ਼ ਯੂਨੀਅਨ (CFU) ਬਣੀ ਹੈ ਇਹ ਕਿੰਨੇ ਕੁ ਚਿਰ ਤੋਂ ਬਣੀ ਹੈ ਤੇ ਤੁਹਾਡੇ ਫਾਰਮ ਵਿੱਚ ਇਹ ਕਿਸ ਤਰ੍ਹਾਂ ਬਣੀ?

ਪਹਿਲੀ: ਸਾਨੂੰ 'ਸਾਰਟੀਫਿਕੇਸ਼ਨ' ਪਿਛਲੇ ਸਾਲ ਦੀ 18 ਜੁਲਾਈ ਨੂੰ ਮਿਲੀ ਸੀ।

? : ਇਥੇ ਯੂਨੀਅਨ ਬਣਾਉਣ ਲਈ ਤੁਹਾਨੂੰ ਸ਼ੁਰੂ ਸ਼ੁਰੂ ਵਿੱਚ ਕਿਸ ਕਿਸਮ ਦੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਜਿਵੇਂ ਤੁਹਾਡੇ ਵਿੱਚੋਂ ਕਿਸੇ ਨੂੰ ਯੂਨੀਅਨ ਵਿੱਚ ਹਿੱਸਾ ਲੈਣ ਲਈ ਫਾਰਮਰ ਨੇ ਕੰਮ ਤੋਂ ਕੱਢਣ ਦੀ ਜਾਂ ਡਰਾਉਣ ਧਮਕਾਉਣ ਦੀ ਕੋਸ਼ਿਸ਼ ਕੀਤੀ ਹੋਵੇ।

ਪਹਿਲੀ: ਇਹ ਸਾਨੂੰ ਯੂਨੀਅਨ 'ਚ ਹਿੱਸਾ ਲੈਣ ਕਰਕੇ 'ਹੈਰਾਸਮੈਂਟ' ਬਹੁਤ ਕਰਦੇ ਸੀ ਗੇ। ਜਿਹੜੀਆਂ ਗੱਲਾਂ ਵੱਲ ਪਹਿਲਾਂ ਕਦੀ ਧਿਆਨ ਨਹੀਂ ਸੀ ਦਿੰਦੇ ਉਹਨਾਂ ਬਦਲੇ ਵੀ ਸਾਨੂੰ ਹੈਰਾਸ ਕਰਨ ਲੱਗ ਪਏ। ਜਿਵੇਂ ਜੇ ਸਾਨੂੰ ਕਿਸੇ ਦਿਨ ਇਕ ਰੂਮ ਵਿੱਚ ਜ਼ਿਆਦਾ ਚਿਰ ਲੱਗ ਜਾਏ ਤਾਂ ਖੁੰਬਾਂ ਖੁਲ੍ਹ ਜਾਂਦੀਆਂ ਹਨ।

ਤੇ ਇਹ ਫੇਰ ਉਹਨਾਂ ਸ਼ੀਟਾਂ ਦੀ ਪਿਕਚਰ ਲੈਣ ਲੱਗ ਪਏ ਤਾਂ ਕਿ ਸਾਨੂੰ 'ਟੈਗਸ' ਕਰ ਸਕਣ।

ਦੂਜੀ : ਜਿਵੇਂ ਪਹਿਲਾਂ ਦੀ ਬੋਰੀਆਂ ਬਾਹਰਲੀਆਂ ਗਾਰਬੇਜ 'ਚ ਸ਼ੀਟਾਂ ਸੁੱਟੀ ਹੋਈਆਂ ਸੀ ਤਾਂ ਉਹ 'ਬਾਹਰ' ਨਹੀਂ ਸੀ ਕਰਦੇ ਪਰ ਬਾਅਦ ਵਿੱਚ ਉਹਦੀਆਂ ਦੀ ਪਿਕਚਰਾਂ ਲੈਣ ਲੱਗ ਪਏ। ਬਈ ਏਸ ਕੁੜੀ ਨੇ ਸੁੱਟੀਆਂ ਹਨ। ਫੇਰ ਉਹ ਸਾਨੂੰ ਕਹਿਣ ਲੱਗ ਪਏ ਬਈ ਅਸੀਂ ਗਰੇਡ A ਵਿੱਚ ਗਰੇਡ B ਰਲਾ ਦਿੰਦੀਆਂ ਹਾਂ।

ਪਹਿਲੀ : ਉਹਨਾਂ ਨੇ ਹਰ ਕਿਸਮ ਦੀ 'ਹੈਰਾਸਮੈਂਟ' ਕਰਨ ਦੀ ਕੋਸ਼ਿਸ਼ ਕੀਤੀ ਬਈ ਇਹ ਡਰ ਕੇ ਯੂਨੀਅਨ ਵਿੱਚ ਹਿੱਸਾ ਲੈਣੋ ਹਟ ਜਾਣ।

ਦੂਜੀ : ਤੇ ਫਿਰ ਇਕ ਵਾਰੀ ਜਦੋਂ ਇਹਨਾਂ ਆਪਣੇ 'ਲੋਇਰ' (ਵਕੀਲ) ਨੂੰ ਭੇਜਿਆ ਸੀ ਤਾਂ ਇੱਕਲੀ ਕੱਲੀ ਕੁੜੀ ਨੂੰ ਸੱਦ ਕੇ ਉਹਨਾਂ ਇਹੋ 'ਸ਼ੋਅ' ਕੀਤਾ ਸੀ ਬਈ ਤੁਸੀਂ ਕੰਮ ਨਹੀਂ ਠੀਕ ਕਰਦੀਆਂ — ਸਲੋ-ਡਾਊਨ ਤੇ ਗਈਆਂ ਜੇ ਜਾਂ ਕਿਵੇਂ ਵੀ। ਯੂਨੀਅਨ ਵਿੱਚ ਹਿੱਸਾ ਲੈਣ ਲਈ ਇਹਨਾਂ ਇੱਕ ਵਰਕਰ ਨੂੰ ਕੰਮ ਤੋਂ ਹਟਾਇਆ ਤੇ ਨਾਲ ਹੀ ਹਟਣ ਦੀ ਜ਼ਿੰਮੇਵਾਰੀ ਵੀ ਕਾਮੇ ਦੇ ਸਿਰ ਹੀ ਪਾਈ ਇਹ ਵਾਕਿਆ ਹੜਤਾਲ ਤੋਂ ਪਹਿਲਾਂ ਦਾ ਹੈ ਉਸ ਵਰਕਰ ਦਾ ਕੇਸ ਅਜੇ ਕਿਸੇ ਪਾਸੇ ਨਹੀਂ ਲੱਗਾ।

? : ਇਵੇਂ ਹੋਰ ਕਿਹੜੀਆਂ ਅਜਿਹੀਆਂ ਮੁਸ਼ਕਲਾਂ ਸਨ ਜਿੰਨ੍ਹਾਂ ਕਰਕੇ ਤੁਹਾਨੂੰ ਯੂਨੀਅਨ ਬਣਾਉਣ ਤੇ ਬਾਅਦ ਇਹ ਹੜਤਾਲ ਕਰਨ ਲਈ ਮਜਬੂਰ ਹੋਣਾ ਪਿਆ?

ਦੂਜੀ : ਇੱਕ ਤਾਂ ਕੋਈ ਕਿਸੇ ਕਿਸਮ ਦੀ 'ਜਾਬ ਸਕਿਉਰਿਟੀ' ਨਹੀਂ ਸੀ। ਜੇ ਥੋੜ੍ਹੀ ਜਿਹੀ ਵੀ ਗਲਤੀ ਹੋ ਜਾਂਦੀ ਜਿਵੇਂ, ਸ਼ਾਇਦ ਯੂਜ਼ ਨਹੀਂ ਕੀਤੀ ਜਾਂ ਕਈ ਵਾਰੀ ਉਹ ਬਲਬ ਫਿਊਜ਼ ਹੋ ਜਾਂਦਾ ਸੀ ਤਾਂ ਜੇ ਕੋਈ ਬੱਲਬ ਦੇਖ ਵਾਲਾ ਨੇੜੇ ਨਾਂ ਦਿਸਦਾ ਤਾਂ ਨਵਾਂ ਲਾ ਲੈਂਦਾ ਤਾਂ ਉਨੇ ਨਾਲ ਹੀ ਆ ਕੇ ਇਹ ਧਮਕੀ ਦੇਈ ਪਈ ਅਸੀਂ ਤੁਹਾਨੂੰ ਬਾਹਰ ਕਰ ਦੇਵਾਂਗੇ ਜਾਂ ਇਹਦਾਂ ਕਰ ਦੇਵਾਂਗੇ।

ਪਹਿਲੀ : ਨਾਲੇ ਜੇ ਉਹ ਸਾਡਾ ਇੱਕ ਬਲਬ ਅੱਜ ਫਿਊਜ਼ ਹੋ ਗਿਆ ਤਾਂ ਉਹ ਨੋਟ ਕਰਨ ਲੱਗ ਪਏ, ਹਰੇਕ ਦੇ ਕਾਰਡ ਤੇ ਲਿਖਣ ਲੱਗ ਪਏ ਬਈ ਅਸੀਂ ਹੋਰ 'ਕੇਅਰ' ਨਾਲ ਯੂਜ਼ ਕਰੀਏ। ਪਰ ਬੱਲਬ ਦੇ ਫਿਊਜ਼ ਹੋਣ ਵਿੱਚ ਸਾਡੇ ਕੰਮ ਦੀ ਤਾਂ ਕੋਈ ਗੱਲ ਹੀ ਨਹੀਂ ਹੁੰਦੀ।

ਦੂਜੀ : ਉਹ ਬੱਲਬ ਵੀ ਬਹੁਤ ਘਟੀਆ ਕਿਸਮ ਦੇ ਆ — ਕਈ ਵਾਰੀ ਪੰਜ ਮਿੰਟ ਵੀ ਨਹੀਂ ਕੱਢਦੇ। ਕਈ ਵਾਰੀ ਲਾਉਂਦਿਆਂ ਲਾਉਂਦਿਆਂ ਹੀ ਫਿਊਜ਼ ਹੋ ਜਾਂਦੇ ਆ।

ਪਹਿਲੀ : ਫੇਰ ਅੱਗੇ ਸਾਡੇ ਇਹਦਾਂ ਸੀ ਬਈ ਜਦੋਂ ਅਸੀਂ ਪਿੱਕ ਕਰਦੀਆਂ ਸੀ ਤਾਂ ਜਦੋਂ ਇਕ ਰੂਮ ਫਿਨਿਸ਼ ਹੋ ਜਾਂਦਾ ਸੀ ਤਾਂ ਦੂਜੇ ਰੂਮ ਵਿੱਚ ਜਾਣਾ ਹੁੰਦਾ ਸੀ ਤਾਂ ਉਹਨਾਂ ਪਹਿਲਾਂ ਲਿਖਿਆ ਹੁੰਦਾ ਸੀ ਬਈ ਫਲਾਣੇ ਰੂਮ ਵਿੱਚ ਜਾਣਾ ਹੈ। ਪਰ ਬਾਅਦ ਵਿੱਚ ਇਹ ਲਿਖਣੋਂ ਵੀ ਹਟ ਗਏ। ਸਾਨੂੰ ਹਾਰ ਸਾਰ ਕੇ ਉਹਨਾਂ ਨੂੰ ਪੁੱਛਣਾ ਪੈਂਦਾ ਬਈ ਹੁਣ ਅਸੀਂ ਕਿਹੜੇ ਰੂਮ ਵਿੱਚ ਜਾਈਏ।

ਦੂਜੀ : ਜਾਂ ਫਿਰ ਉਹਨਾਂ ਦੇ ਆਫਿਸ ਵਿੱਚ ਜਾ ਕੇ ਪੁੱਛਣਾ ਪੈਂਦਾ। ਜੇ ਅਸੀਂ ਇੱਕ ਸੁਪਰਵਾਈਜ਼ਰ ਨੂੰ ਪੁੱਛ-ਣਾ ਤਾਂ ਉਹਨੇ ਦੂਜੇ ਕੋਲ ਘੱਲ ਦੇਣਾ। ਇਸ ਤਰ੍ਹਾਂ ਕਈ ਵਾਰੀ ਸਾਡਾ ਕਿੰਨ੍ਹਾਂ ਕਿੰਨ੍ਹਾਂ ਟਾਈਮ ਖ਼ਰਾਬ ਹੋ ਜਾਂਦਾ ਸੀ।

ਪਹਿਲੀ : ਉਹਨਾਂ ਨੂੰ ਤਾਂ ਟਾਈਮ ਦਾ ਕੋਈ ਫਰਕ ਨਹੀਂ ਪੈਂਦਾ, ਪਰ ਸਾਨੂੰ ਤਾਂ ਸੀ, ਕਿਉਂਕਿ ਅਸੀਂ ਪੀਸ-ਰੇਟ ਤੇ ਕੰਮ ਕਰਦੀਆਂ ਹਾਂ। ਸਾਡਾ ਤਾਂ ਜਿੰਨਾਂ ਟਾਈਮ ਲੱਗੇ ਅਸੀਂ ਉਹਦੇ ਮੁਤਾਬਕ ਹੀ ਬਕਸੇ ਭਰਨੇ ਹੁੰਦੇ ਆ ਤੇ ਸਾਨੂੰ ਉਸ ਹਿਸਾਬ ਨਾਲ ਹੀ 'ਮਨੀ' ਮਿਲਦੀ ਆ। ਜੇ ਉਹਨਾਂ ਸਾਨੂੰ ਘੰ-ਟਿਆਂ ਦੇ ਹਿਸਾਬ ਪੈਸੇ ਦੇਣੇ ਹੁੰਦੇ ਤਾਂ ਫੇਰ ਉਹਨਾਂ ਏਦਾਂ ਕਰਨਾ ਹੀ ਨਹੀਂ ਸੀ।

ਦੂਜੀ : ਜਦੋਂ ਅਸੀਂ ਕੰਮ ਤੇ ਆਈ ਦਾ ਸੀ। ਕਈ ਵਾਰੀ ਅਸੀਂ ਅੱਠ ਵਜੇ ਸਟਾਰਟ ਕਰਨਾ ਤੇ ਨੌਂ ਵਜੇ ਫਿਨਿਸ਼ ਹੋ ਜਾਣਾ। ਸਿਰਫ਼ ਇਕ ਘੰਟਾ ਲਾ ਕੇ ਮੁੜ ਜਾਈਦਾ ਸੀ ਤੇ ਕਈ ਵਾਰੀ ਸਵੇਰੇ ਅਸੀਂ ਅੱਠ ਵਜੇ ਆਉਣਾ ਤੇ ਰਾਤ ਦੇ ਸਾਢੇ ਬਾਰਾਂ, ਇੱਕ ਤੱਕ ਵੀ ਟਾਈਮ ਹੋ ਜਾਂਦਾ ਸੀ। ਮਤਲਬ ਸਾਨੂੰ ਇਹਦਾ ਕੋਈ ਓਵਰਟਾਈਮ ਥੋੜ੍ਹੇ ਮਿਲਦਾ ਸੀ। ਪਹਿਲਾਂ ਕਈ ਵਾਰੀ 'ਸਪਰ-ਟਾਈਮ' ਛੇ ਵਜੇ ਦਿੰਦੇ ਸੀ — ਪਰ ਉਹ ਕਈ ਵਾਰੀ ਅੱਠ ਵੀ ਵੱਜ ਜਾਣੇ, ਨੌਂ ਵੀ ਵੱਜ ਜਾਣੇ। ਫੇਰ ਜੇ ਅਸੀਂ ਛੇ ਵਜੇ ਸਪਰ ਕੀਤਾ ਤੇ ਇੱਕ ਵਜੇ ਤੱਕ ਕੰਮ ਕੀਤਾ ਉਹਦੇ ਵਿੱਚ ਕੋਈ 'ਕਾਫ਼ੀ-ਬਰੇਕ' ਨਹੀਂ ਸੀ ਹੁੰਦੀ। ਸਾਨੂੰ ਛੇ-ਸੱਤ ਘੰਟੇ ਲਗਾਤਾਰ ਬਿਨ੍ਹਾਂ ਬਰੇਕ ਕੰਮ ਕਰਨਾ ਪੈਂਦਾ।

? : ਤੁਹਾਡੀਆਂ ਇਹਨਾਂ ਮੁਸ਼ਕਿਲਾਂ ਦੇ ਨਾਲ ਨਾਲ ਜਿਵੇਂ ਹੋਰ ਕਾਮਿਆਂ ਨੂੰ ਉਹਨਾਂ ਦੇ ਕੰਮ ਕਰਨ ਦੇ ਅਸਥਾਨ 'ਤੇ ਕਈ ਕਿਸਮ ਦੀਆਂ ਸਹੂਲਤਾਂ ਹੁੰਦੀਆਂ ਹਨ ਕਈ ਕਿਸਮ ਦੀਆਂ 'ਫੈਸਿਲਟੀਜ਼' ਹੁੰਦੀਆਂ ਹਨ ਜਿਵੇਂ:- ਸਾਫ਼ ਸੁਥਰੇ ਲੰਚ ਰੂਮ, ਬਾਥਰੂਮ ਹੁੰਦੇ ਹਨ — ਕੀ ਤੁਹਾਨੂੰ ਇਹ ਸੱਭ ਕੁਝ ਪ੍ਰਾਪਤ ਹੈ।

ਦੂਜੀ : ਹਾਂ ਲੰਚ ਰੂਮ ਤਾਂ ਹੈਗਾ। ਜਦੋਂ ਜ਼ਿਆਦਾ ਕੁੜੀਆਂ ਹੁੰਦੀਆਂ ਸੀ ਉਦੋਂ ਤਾਂ ਅੱਧੀਆਂ ਕੋਲੋਂ ਬੈਠ ਹੁੰਦਾ ਸੀ ਤੇ ਅੱਧੀਆਂ ਖੜ੍ਹੀਆਂ ਹੁੰਦੀਆਂ ਸੀ। ਵਾਸ਼ਰੂਮ ਇਕੋ ਈ ਆ। ਉਹ ਦੇਖ ਲਓ ਇੰਨੇ ਵਰਕਰ ਅਸੀਂ ਕੰਮ ਕਰਦੇ ਹਾਂ, ਤੀਵੀਆਂ ਆਦਮੀਆਂ ਲਈ ਇਕੋ ਹੀ ਵਾਸ਼ਰੂਮ ਹੈ। ਇਹਦੇ ਨਾਲ ਕਈ ਔਖਿਆਈਆਂ ਆਉਂਦੀ ਹਨ। ਜਿਵੇਂ ਸਾਨੂੰ ਅੱਧੇ ਘੰਟੇ ਦਾ ਲੰਚ ਮਿਲਦਾ ਆ। ਕਦੇ ਅਸੀਂ ਲੰਚ ਕੀਤਾ ਤੇ ਕਦੇ ਸਾਰੀਆਂ ਨੇ ਵਾਸ਼ਰੂਮ ਯੂਜ਼ ਕੀਤਾ। ਇਸੇ ਤਰ੍ਹਾਂ 'ਕਾਫ਼ੀ-ਟਾਈਮ' ਵਿੱਚ ਵੀ ਇਕ ਦੋ ਜਣੀਆਂ ਹੀ ਜਾ ਸਕਦੀਆਂ ਨੇ, ਇਸ ਸਮੇਂ ਮੁੰਡਿਆਂ ਨੇ ਵੀ ਜਾਣਾ ਹੁੰਦਾ ਇਸ ਕਰਕੇ ਸਾਡੀ ਇਹ 'ਪ੍ਰਾਬਲਮ' ਹਮੇਸ਼ਾਂ ਰਹੀ ਹੈ।

? : ਤੁਹਾਡੀ ਇਹ ਹੜਤਾਲ ਕਦੋਂ ਸ਼ੁਰੂ ਹੋਈ?

ਦੂਜੀ : ਅਪ੍ਰੈਲ 14 ਨੂੰ

? : ਤੁਹਾਡੀਆਂ ਮੁੱਖ ਮੰਗਾਂ ਕੀ ਹਨ?

ਦੂਜੀ : ਇਕ ਤਾਂ ਅਸੀਂ 'ਆਵਰਲੀ ਰੇਟ' ਮੰਗਦੇ ਆਂ। ਆਵਰਲੀ ਰੇਟ ਹੋਣਾ ਚਾਹੀਦਾ ਹੈ ਪੀਸ-ਵਰਕ ਨਹੀਂ। ਦੂਜਾ ਯੂਨੀਅਨ ਸਕਿਉਰਿਟੀ ਹੋਣੀ ਚਾਹੀਦੀ ਆ ਜਿਦਾਂ ਹੁਣ ਇਹ (ਫ਼ਾਰਮਰ) ਕਹਿੰਦਾ ਪਈ ਕਿਸੇ ਦੀ ਮਰਜ਼ੀ ਆ ਯੂਨੀਅਨ ਜੁਆਇਨ ਕਰੇ ਜਾਂ ਨਾ ਕਰੇ। ਇਦਾਂ ਨਹੀਂ ਹੋਣੀ ਚਾਹੀਦੀ। ਨਾਲੇ ਜਾਬ ਸਕਿਉਰਿਟੀ ਵੀ ਹੋਣੀ ਚਾਹੀਦੀ ਆ। ਸਾਨੂੰ 'ਪੇਡ' 'ਕਾਫੀ-ਬਰੇਕ' ਹੋਣੀ ਚਾਹੀਦੀ ਆ। ਹੋਰ ਸਾਨੂੰ ਵੀ ਹੋਰਨਾ ਵਰਕਰਾਂ ਵਾਂਗ ਛੁੱਟੀਆਂ, ਜਿਹਨੀਆਂ 'ਸਟੈਚੂਅਰੀ-ਹਾਲੀਡੇਜ਼' ਹੁੰਦੀਆਂ ਉਹ ਵੀ ਹੋਣੀਆਂ ਚਾਹੀਦੀਆਂ ਹਨ। ਓਵਰਟਾਈਮ ਵੀ ਮਿਲਣਾ ਚਾਹੀਦਾ ਹੈ। ਕਈ ਵਾਰੀ ਸਾਨੂੰ 'ਵੀਕਐਂਡ' ਤੇ ਕਹਿੰਦੇ ਆ ਪਈ ਤੁਹਾਨੂੰ 'ਹੈਵ-ਟੂ' ਆਉਣਾ ਪੈਣਾ।

ਪਹਿਲੀ : ਇਸੇ ਕਰਕੇ ਇਥੇ ਸਾਡੇ ਪਹਿਲਾਂ ਇਕ ਵਾਰੀ 'ਵਾਕ-ਆਊਟ' ਵੀ ਹੋ ਚੁੱਕੀ ਆ। ਇਹਨਾ ਨੇ ਸਾਨੂੰ ਵੀਕ ਐਂਡ ਤੇ ਆਉਣ ਲਈ 'ਫੋਰਸ' ਕੀਤਾ ਸੀ।

ਦੂਜੀ : ਜਿਦਾਂ ਇਕ ਵਾਰੀ ਫਾਰਮਰ ਦੀ ਵਾਈਫ ਦਾ ਜਨਮ ਦਿਨ ਸੀ ਤਾਂ ਉਹਨਾਂ ਨੇ ਪਹਿਲੇ ਦਿਨ ਸਾਡੇ ਰੂਮ ਛਡਾ ਲਏ ਤੇ ਦੂਸਰੇ ਦਿਨ ਫੇਰ ਦੇਰ ਹੋਣ ਕਰਕੇ ਖੁੰਬਾਂ ਖੁਲ੍ਹ ਗਈਆਂ ਤਾਂ ਉਹਨਾਂ ਕੁੜੀਆਂ ਉਪਰ 'ਬਲੇਮ' ਲਾਇਆ ਪਈ ਇਹ ਠੀਕ ਪਿੱਕ ਨਹੀਂ ਕਰਦੀਆਂ। 'ਸਲੋਅ' ਕੰਮ ਕਰਦੀਆਂ- 'ਚੀਟ' ਕਰਦੀਆਂ-

ਪਹਿਲੀ : ਇਦਾਂ ਦੇ ਮੌਕੇ ਉਹ ਸਾਡੇ ਨਾਲ 'ਡਿਸਕਰੀਮੀਨੇਸ਼ਨ' ਵੀ ਸੋ ਕਰਦੇ ਸੀਗੇ। ਸਾਡੇ ਵਿਚੋਂ ਇਕ ਵਰਕਰ ਦਾ ਉਹਨਾਂ ਪਹਿਲਾਂ ਇਸੇ ਝਗੜੇ ਕਰਕੇ ਖਰਾਬ ਕੀਤਾ। ਉਹ ਕੁੜੀ ਯੂਨੀਅਨ ਵਿੱਚ ਬਹੁਤ ਹਿੱਸਾ ਲੈਂਦੀ ਸੀ ਇਸ ਕਰਕੇ ਉਹਨੂੰ ਹਰ ਮੌਕੇ 'ਹੈਰਾਸ' ਕਰਨ ਦੀ ਟਰਾਈ ਕਰਦੇ ਸੀਗੇ। ਕਈ ਵਾਰੀ ਸਾਨੂੰ ਇਥੋਂ ਤੱਕ ਵੀ ਕਹਿ ਦਿੰਦੇ ਸੀ ਪਈ ਤੁਸੀਂ ਆਪਣੀ ਕੰਟਰੀ ਨੂੰ ਬੈਕ ਕਾਹਤੋਂ ਨਹੀਂ ਚਲੇ ਜਾਂਦੇ।

? : ਕਨੇਡੀਅਨ ਫਾਰਮ ਵਰਕਰਜ਼ ਯੂਨੀਅਨ ਦੇ ਪ੍ਰਬੰਧਕ ਤੁਹਾਡੇ ਖਿਆਲ ਵਿੱਚ ਤੁਹਾਡੀ ਹੜਤਾਲ ਨੂੰ ਕਿਵੇਂ ਹੈਂਡਲ ਕਰ ਰਹੇ ਹਨ? ਕੀ ਉਹ ਸੱਭ ਕੁਝ ਠੀਕ ਕਰ ਰਹੇ ਹਨ ਜਾਂ ਤੁਹਾਨੂੰ ਉਹਨਾਂ ਬਾਰੇ ਕਿਸੇ ਕਿਸਮ ਦੀ ਕੋਈ ਸ਼ਿਕਾਇਤ ਹੈ?

ਦੂਜੀ : ਉਹ ਬਹੁਤ ਚੰਗੀ ਤਰ੍ਹਾਂ ਹੈਂਡਲ ਕਰਦੇ ਆ। ਜਿਦਾਂ ਹੁਣ ਅਸੀਂ ਇਥੇ ਇਕੱਲੀਆਂ ਕੁੜੀਆਂ ਹੀ ਹੁੰਦੀਆਂ। ਸਾਨੂੰ ਉਹਨਾਂ ਵੱਲੋਂ ਪੂਰੀ ਸਪੋਰਟ ਆ।

ਪਹਿਲੀ : ਜਦੋਂ ਵੀ ਅਸੀਂ ਉਹਨਾਂ ਨੂੰ ਕਹੀਏ ਪਈ ਤੁਸੀਂ ਆਉ, ਉਹ ਉਸੇ ਵਕਤ ਆਉਂਦੇ ਆ। ਉਹ ਬਹੁਤ 'ਹਾਰਡ' ਕੰਮ ਕਰ ਰਹੇ ਹਨ ਸਾਡੇ।

? : ਭਾਰਤੀ ਸਭਿਆਚਾਰ ਦਾ ਅੰਗ ਹੋਇਆਂ ਇਕ ਸਵਾਲ ਜਿਹੜਾ ਸ਼ਾਇਦ ਕੁਝ ਲੋਕਾਂ ਦੇ ਮਨਾਂ ਅੰਦਰ ਆਉਂਦਾ ਹੋਵੇ- ਉਹ ਇਹ ਕਿ ਤੁਹਾਡੇ ਘਰ ਦੇ ਹੋਰ ਜੀਅ ਜਾਂ ਰਿਸ਼ਤੇਦਾਰ ਤੁਹਾਡੀ ਹੜਤਾਲ ਬਾਰੇ ਕਿਵੇਂ ਮਹਿਸੂਸ ਕਰਦੇ ਹਨ?

ਦੂਜੀ : ਉਹ ਵੀ ਠੀਕ ਹੀ ਮਹਿਸੂਸ ਕਰਦੇ ਆ ਪਈ ਸਾਨੂੰ ਆਪਣੇ ਹੱਕ ਲੈਣ ਲਈ ਸਾਡੇ ਵਿਰੁੱਧ ਹੁੰਦੇ ਧੱਕੇ ਲਈ ਸਾਨੂੰ ਲੜਨਾ ਚਾਹੀਦਾ ਆ ਹੱਕ ਤਾਂ ਲੈਣੇ ਹੀ ਚਾਹੀਦੇ ਆ।

ਪਹਿਲੀ : ਇਸ 'ਸਟਰੱਗਲ' ਨੂੰ ਉਹ ਵੀ ਚੰਗੀ ਤਰ੍ਹਾਂ ਸਮਝਦੇ ਆ ਤੇ ਪੂਰੀ ਸਪੋਰਟ ਕਰਦੇ ਆ।

? : ਆਪਣੀ ਕਮਿਊਨਿਟੀ ਦੀਆਂ ਹੋਰ ਬਹੁਤ ਸਾਰੀਆਂ ਔਰਤਾਂ ਫਾਰਮਾਂ ਵਿੱਚ ਕੰਮ ਕਰਦੀਆਂ ਹਨ। ਉਹਨਾਂ ਵਿਚੋਂ ਥੋੜ੍ਹੀਆਂ ਹੀ ਯੂਨੀਅਨ ਵਿੱਚ ਉਤਸ਼ਾਹ ਦਿਖਾ ਰਹੀਆਂ ਹਨ। ਤੁਹਾਡੇ ਖਿਆਲ ਵਿੱਚ ਉਹਨਾਂ ਦੇ ਯੂਨੀਅਨ ਵਿੱਚ ਪੂਰੀ ਤਰ੍ਹਾਂ ਹਿੱਸਾ ਨਾ ਲੈਣ ਦਾ ਕੀ ਕਾਰਨ ਹੈ?

ਦੂਜੀ : ਕਈਆਂ ਨੂੰ ਆਪਣੇ ਕੰਮ ਦਾ ਜ਼ਿਆਦਾ ਫ਼ਿਕਰ ਹੁੰਦਾ ਪਈ ਸ਼ਾਇਦ ਜੇ ਯੂਨੀਅਨ ਅਸੀਂ ਬਣਾ ਲਈ ਤੇ ਉਹ ਨਾ 'ਸਕਸੈਸਫੁਲ' ਹੋਈ ਤਾਂ ਸਾਨੂੰ ਸ਼ਾਇਦ ਫਾਇਰ ਕਰ ਦੇਣਗੇ ਜਾਂ ਕਿਵੇਂ ਵੀ ਆ- ਇਸ ਕਰਕੇ ਉਹ ਥੋੜਾ ਘੱਟ ਖਿਆਲ ਕਰਦੇ ਆ। ਪਰ ਹੌਲੀ ਹੌਲੀ ਜਦੋਂ ਲੋਕਾਂ ਨੂੰ ਪਤਾ ਲਗਦਾ ਪਈ ਇਹਦੇ ਨਾਲ ਫਾਇਦੇ ਆ ਤੇ ਫੇਰ ਹੌਲੀ ਹੌਲੀ ਉਹ ਆਪੇ ਯੂਨੀਅਨ ਲਈ ਕੰਮ ਕਰਨਾ ਸ਼ੁਰੂ ਕਰ ਦਿੰਦੇ ਆ।

ਪਹਿਲੀ : ਜਦੋਂ ਦਾ ਹੁਣ ਚੈਰੀ ਫਾਰਮ ਦੇ ਵਿੱਚ ਕਾਂਟਰੈਕਟ ਹੋਇਆ ਉਦੋਂ ਦਾ ਵੀ ਲੋਕਾਂ ਦੇ ਦਿਲਾਂ ਤੇ ਬਹੁਤ ਅਸਰ ਆ। ਹੁਣ ਉਹ ਸਮਝਦੇ ਆ ਪਈ ਯੂਨੀਅਨ ਹੈਗੀ ਆ। ਪਹਿਲਾਂ ਸਾਰੇ ਸੋਚਦੇ ਸੀ ਪਈ ਇਹ ਤਾਂ ਐਂਵੇਂ ਹੀ ਆ। ਥੋੜੇ ਜਿਹੇ ਦਿਨਾ ਬਾਅਦ ਖਤਮ ਹੋ ਜੂ। ਪਰ ਹੁਣ ਸਾਡੇ ਲੋਕਾਂ ਦੇ ਦਿਲਾਂ 'ਚ ਇਹ ਖਿਆਲ ਹੈਗਾ ਪਈ ਅਸੀਂ ਇਹਨੂੰ ਕਿਵੇਂ ਵੀ ਹੋ ਸਕਿਆ ਕਾਮਯਾਬ ਬਣਾਉਣਾ ਆ। ਹੁਣ ਕਾਫੀ ਲੋਕ ਅੱਗੇ ਵਧ ਰਹੇ ਨੇ- ਯੂਨੀਅਨ ਦੇ ਮੈਂਬਰ ਬਣਦੇ ਹਨ। ਸਾਡਾ ਖਿਆਲ ਆ ਪਈ ਇਸ ਸਾਲ ਵਿੱਚ ਯੂਨੀਅਨ ਕਾਫੀ ਕਾਮਯਾਬ ਹੋ ਜਾਊਗੀ।

? : ਭਾਰਤੀ ਲੋਕਾਂ ਦੇ ਕੈਨੇਡਾ ਵਿਚਲੇ ਇਤਿਹਾਸ ਵਿੱਚ ਵੀ ਤੇ ਸ਼ਾਇਦ ਸਮੁੱਚੇ ਕੈਨੇਡਾ ਦੇ ਇਤਿ-

ਬਾਕੀ ਸਫ਼ਾ 24 ਤੇ

# ਪੰਜਾਬੀ ਔਰਤਾਂ ਤੇ ਕਨੇਡੀਅਨ ਆਰਥਕਤਾ
(PUNJABI WOMEN AND CANADIAN ECONOMY)

ਸੁਰਜੀਤ ਕਲਸੀ

ਆਪਣੇ ਦੇਸ਼ ਦੀ ਧਰਤੀ ਛਡਣੀਆਂ ਹੀ ਅਸੀਂ ਆਪਣੇ ਸੁਭਾ, ਆਪਣੀ ਕਦਰਾਂ ਕੀਮਤਾਂ ਨੂੰ ਬਦਲਣ ਲਈ ਮਜਬੂਰਨ ਤਿਆਰ ਹੋ ਜਾਂਦੇ ਹਾਂ ਤੇ ਇਥੋਂ ਦੇ ਪ੍ਰਫੁੱਲਤ ਸਰਮਾਏਦਾਰੀ ਸਮਾਜ ਦੇ ਤੌਰ ਤਰੀਕੇ ਸਹਿਜ ਹੀ ਅਪਨਾਉਣੇ ਸ਼ੁਰੂ ਕਰ ਜਾਂਦੇ ਹਾਂ। ਅੱਜ ਜਾਤੀਆਂ ਹਜ਼ਾਰਾਂ ਪੰਜਾਬੀ ਭੈਣਾਂ ਕੈਨੇਡਾ ਦੇ ਫਾਰਮਾਂ, ਫੈਕਟਰੀਆਂ, ਮੱਛੀ ਫੈਕਟਰੀਆਂ, ਗਰੋਸਰੀ ਸਟੋਰਾਂ, ਸਫ਼ਾਈ ਦੇ ਕੰਮਾਂ, ਦਫ਼ਤਰਾਂ, ਬੈਂਕਾਂ, ਹਸਪਤਾਲਾਂ, ਸਕੂਲਾਂ ਆਦਿ ਵਿਚ ਵੱਖ ਵੱਖ ਕਿਸਮ ਦੇ ਕੰਮ ਕਰਦੀਆਂ ਹਨ। ਕੰਮ ਲੱਭਣ ਲਈ ਉਨ੍ਹਾਂ ਨੂੰ ਕਾਫ਼ੀ ਨੱਠ ਭੱਜ ਕਰਨੀ ਪੈਂਦੀ ਹੈ — ਅੰਗ੍ਰੇਜ਼ੀ ਬੋਲਣੀ ਤੇ ਕਾਰ ਚਲਾਉਣੀ ਸਿੱਖਣੀ ਪੈਂਦੀ ਹੈ, ਤੇ ਇਥੋਂ ਦੇ ਤੌਰ ਤਰੀਕੇ ਅਨੁਸਾਰ ਪਹਿਰਾਵਾ ਪਾਉਣਾ ਪੈਂਦਾ ਹੈ।

ਅਸੀਂ ਆਪਣੀਆਂ ਔਰਤਾਂ ਨੂੰ ਬਹਾਦਰ ਅਤੇ ਸਿਆਣੀਆਂ ਹੀ ਕਹਿ ਸਕਦੇ ਹਾਂ ਜਿਹੜੀਆਂ ਸਮੇਂ ਤੇ ਹਾਲਾਤ ਬਦਲਣ ਅਨੁਸਾਰ ਆਪਣੇ ਆਪ ਨੂੰ ਢਾਲਣ ਦਾ ਯਤਨ ਕਰਦੀਆਂ ਹਨ। ਤੇ ਪਰਵਾਰ ਦੀ ਆਰਥਕ ਸਥਿਤੀ ਨੂੰ ਮਜ਼ਬੂਤ ਕਰਨ ਵਿਚ ਪਤੀ ਨਾਲ ਮੋਢੇ ਨਾਲ ਮੋਢਾ ਜੋੜ ਕੇ ਹਿੱਸਾ ਪਾ ਰਹੀਆਂ ਹਨ। ਬਹੁਤ ਸਾਰੇ ਪੰਜਾਬੀ ਪਰਵਾਰਾਂ ਨੂੰ ਕੈਨੇਡਾ ਆਕੇ ਹੀ ਇਸ ਗੱਲ ਦਾ ਅਹਿਸਾਸ ਹੁੰਦਾ ਹੈ ਕਿ ਉਨ੍ਹਾਂ ਦੀਆਂ ਪਤਨੀਆਂ, ਮਾਵਾਂ, ਤੇ ਭੈਣਾਂ ਦੇਸ਼ ਦੇ ਆਰਥਕ ਖੇਤਰ ਵਿਚ ਕਿਤਨਾ ਵੱਡਾ ਹਿੱਸਾ ਪਾ ਸਕਦੀਆਂ ਹਨ ਜੇ ਉਨ੍ਹਾਂ ਨੂੰ ਉਥੇ ਹੀ ਮੌਕੇ ਪ੍ਰਾਪਤ ਹੋਣ।

ਔਰਤਾਂ ਲਈ ਘਰੋਂ ਬਾਹਰ ਜਾ ਕੇ ਕੰਮ ਕਰਨ ਦੇ ਮੌਕੇ ਭਾਰਤ ਨਾਲੋਂ ਕੈਨੇਡਾ ਵਿਚ ਵਧੇਰੇ ਹਨ ਅਤੇ ਇਮੀਗ੍ਰੈਂਟ ਔਰਤਾਂ ਇਨ੍ਹਾਂ ਮੌਕਿਆਂ ਦਾ ਕਿਸੇ ਹੱਦ ਤੱਕ ਲਾਭ ਵੀ ਉਠਾ ਰਹੀਆਂ ਹਨ। ਇਥੇ ਕੁਝ ਉਨ੍ਹਾਂ ਹਾਲਤਾਂ ਦਾ ਜ਼ਿਕਰ ਕਰਨਾ ਜ਼ਰੂਰੀ ਹੈ ਜਿਨ੍ਹਾਂ ਅਧੀਨ ਕਈ ਵਾਰ ਪੰਜਾਬੀ ਔਰਤਾਂ ਨੂੰ ਘਰੋਂ ਬਾਹਰ ਜਾ ਕੇ ਕੰਮ ਕਰਨ ਲਈ ਮਜਬੂਰ ਹੀ ਹੋਣਾ ਪੈਂਦਾ ਹੈ ਜਿਵੇਂ ਘਰ ਖ਼ਰੀਦਣ ਲਈ ਮੌਰਗੇਜ ਦੀਆਂ ਕਿਸ਼ਤਾਂ, ਵਧਦੀ ਮਹਿੰਗਾਈ ਜਾਂ ਰਿਸ਼ਤੇਦਾਰਾਂ ਨੂੰ ਸਪੌਂਸਰ ਕਰਨਾ ਆਦਿ। ਕਈ ਪਰਵਾਰ ਦੇ ਵਧਦੇ ਖ਼ਰਚ, ਮਰਦ ਦੀ ਇਕੱਲੀ ਤਨਖਾਹ ਵਿਚ ਪੂਰੇ ਨਹੀਂ ਹੁੰਦੇ ਤਾਂ ਔਰਤ ਕੋਈ ਨਾ ਕੋਈ ਕੰਮ ਭਾਲ ਲੈਂਦੀ ਹੈ ਜਾਂ ਉਸਨੂੰ ਘਰ ਚਲਾਉਣ ਲਈ ਕੰਮ ਕਰਨਾ ਹੀ ਪੈਂਦਾ ਹੈ।

ਕਈ ਵਾਰੀ ਕੁਝ ਪਰਵਾਰਾਂ ਵਿਚ ਅਜਿਹਾ ਵੀ ਹੁੰਦਾ ਹੈ ਜਿਥੇ ਔਰਤ ਨੂੰ ਰਿਸ਼ਤੇਦਾਰਾਂ ਜਾਂ ਪਤੀ ਵਲੋਂ ਏਨਾ ਮਜਬੂਰ ਕਰ ਦਿਤਾ ਜਾਂਦਾ ਹੈ ਕਿ ਉਸਨੂੰ ਘਰੋਂ ਬਾਹਰ ਅੱਠ ਦਸ ਘੰਟੇ ਕੰਮ ਕਰਨਾ ਹੀ ਪੈਂਦਾ ਹੈ। ਪਤੀ ਤੇ ਉਸਦੇ ਰਿਸ਼ਤੇਦਾਰਾਂ ਵਲੋਂ ਇਹੋ ਤਾਹਨੇ — ਵਿਹਲੜ, ਨਿਕੰਮੀ, ਵਿਹਲੀ ਬੈਠੀ ਖਾਂਦੀ ਹੈ ਤੇ ਹੋਰ ਕਈ ਤਰਾਂ ਦੇ ਮਿਹਣੇ ਔਰਤ ਨੂੰ ਮਜਬੂਰ ਕਰ ਦੇਂਦੇ ਹਨ ਕਿ ਉਹ ਪਰਵਾਰ ਤੇ ਬੋਝ ਨਾ ਬਣੇ ਤੇ ਭਾਰ ਵੰਡਾਵੇ। ਕਈ ਵਾਰ ਤਾਂ ਪੜ੍ਹੇ ਲਿਖੇ ਪਰਵਾਰ ਬੱਚੇ ਦੀ ਆਮਦ ਨੂੰ ਵੀ ਪੈਸੇ ਕਮਾਉਣ ਦੇ ਰਾਹ ਵਿਚ ਆਫ਼ਤ ਸਮਝ ਕੇ ਔਰਤ ਦਾ ਗਰਭਪਾਤ ਕਰਵਾਉਣ ਦੇ ਹੱਕ ਵਿਚ ਹੁੰਦੇ ਹਨ; ਭਾਵੇਂ ਬਾਦ 'ਚ ਔਰਤ ਸਾਰੀ ਉਮਰ ਬੱਚੇ ਦੇ ਮੂੰਹ ਨੂੰ ਤਰਸਦੀ ਰਹੇ।

ਕਈ ਹਾਲਾਤ ਅਜਿਹੇ ਵੀ ਹਨ ਜਿਥੇ ਔਰਤ ਦੇ ਸਿਰ ਤੇ ਹੀ ਬੱਚਿਆਂ ਅਤੇ ਘਰ ਦਾ ਬੋਝ ਹੁੰਦਾ ਹੈ ਇਸ ਸ਼੍ਰੇਣੀ ਵਿਚ ਵਿਧਵਾਵਾਂ, ਪਤੀ ਨਾਲੋਂ ਵੱਖ ਹੋਈਆਂ ਔਰਤਾਂ, ਜਾਂ ਤਲਾਕਸ਼ੁਦਾ ਔਰਤਾਂ ਆ ਜਾਂਦੀਆਂ ਹਨ। ਇਸ ਸ਼੍ਰੇਣੀ ਦੀਆਂ ਔਰਤਾਂ ਨੂੰ ਆਪਣੇ ਬੱਚਿਆਂ ਤੇ ਘਰ ਦੇ ਖਰਚ ਚਲਾਉਣ ਲਈ ਕਈ ਵਾਰ ਦੋ ਦੋ ਸ਼ਿਫਟਾਂ ਰੋਜ਼ਾਨਾ ਜਾਂ 16 ਘੰਟੇ ਰੋਜ਼ਾਨਾ ਕੰਮ ਕਰਨਾ ਪੈਂਦਾ ਹੈ।

ਬਹੁਤ ਥੋੜੇ ਕੇਸ ਅਜਿਹੇ ਵੀ ਹਨ ਜਿਨ੍ਹਾਂ ਵਿਚ ਕੁਝ ਔਰਤਾਂ ਸਿਰਫ਼ ਆਪਣੀ ਅਮੀਰੀ ਦਾ ਰੋਹਬ ਦਾਬ ਰੱਖਣ ਲਈ ਜਾਂ ਜ਼ਿੰਦਗੀ ਦਾ ਪੱਧਰ ਉੱਚਾ ਰੱਖਣ ਲਈ ਹੀ ਕੰਮ ਕਰਦੀਆਂ ਹਨ।

ਜੇ ਕਾਰਣ ਕੁਝ ਵੀ ਹੋਣ ਸਾਡੀਆਂ ਔਰਤਾਂ ਦੇਸ਼ ਦੀ ਆਰਥਕਤਾ ਵਿਚ ਆਪਣਾ ਵੱਧ ਤੋਂ ਵੱਧ ਹਿੱਸਾ ਪਾ ਰਹੀਆਂ ਹਨ। ਆਰਥਕ ਸੰਘਰਸ਼ ਵਿਚ ਪਾਇਆ ਹਿੱਸਾ ਉਨ੍ਹਾਂ ਨੂੰ ਕਈ ਵਾਰ ਬਹੁਤ ਮਹਿੰਗਾ ਪੈਂਦਾ ਹੈ ਜਿਵੇਂ ਕਿ ਬਹੁਤ ਸਾਰੀਆਂ ਔਰਤਾਂ ਡਾਲਰ ਕਮਾਂਦੀਆਂ ਕਮਾਂਦੀਆਂ ਆਪਣੀ ਸਿਹਤ ਤੇ ਤੰਦਰੁਸਤੀ ਦਾਅ ਤੇ ਲਾਕੇ ਆਪਣੇ ਆਪ ਨੂੰ ਰੋਗ ਵਿਚ ਘੇਰ ਲੈਂਦੀਆਂ ਹਨ — ਬੈਕ ਪ੍ਰਾਬਲਮ, ਬਲੱਡ ਪ੍ਰੈਸ਼ਰ, ਕੁਝ ਹਾਲਤਾਂ ਵਿਚ ਕੈਂਸਰ, ਤੇ ਜੋੜਾਂ ਦੇ ਦਰਦ ਅਜਿਹੇ ਰੋਗ ਦੇਖੇ ਜਾ ਸਕਦੇ ਹਨ।

ਇਥੇ ਇਹ ਗੱਲ ਸਪਸ਼ਟ ਕਰ ਦੇਣਾ ਜ਼ਰੂਰੀ ਹੈ ਕਿ ਹੱਥੀਂ ਕਿਰਤ ਕਰਨਾ ਸਮਾਜਵਾਦੀ ਮੁਲਕਾਂ ਵਿਚ ਗੌਰਵਮਈ ਗੱਲ ਹੈ; ਪਰ ਪ੍ਰਫੁੱਲਤ ਸਰਮਾਏਦਾਰੀ ਮੁਲਕਾਂ ਵਿਚ ਇਕ ਤਾਂ ਪਹਿਲਾਂ ਹੀ ਮੁਸ਼ੱਕਤ ਨੂੰ ਗੌਰਵ ਪ੍ਰਦਾਨ ਨਹੀਂ, ਦੂਜਾ ਸਾਡੇ ਅਰਧ-ਜਗੀਰੂ ਰੁਚੀਆਂ ਵਾਲੇ ਪਰਵਾਰਾਂ ਵਿਚ ਔਰਤ ਦੀ ਕਮਾਈ

ਨੂੰ, ਉਸ ਦੀ ਓਨੀ ਮਾਨਤਾ ਨਹੀਂ ਦਿਤੀ ਜਾਂਦੀ ਜਿੰਨੀ ਮਰਦ ਨੂੰ - ਪਰਿਵਾਰ ਦਾ ਮੁੱਖੀ ਕਮਾਊ ਹੋਣ ਦੇ ਨਾਤੇ - ਪ੍ਰਾਪਤ ਹੈ। ਇਸ ਤੋਂ ਇਲਾਵਾ ਸਾਡੀਆਂ ਔਰਤਾਂ ਨੂੰ ਹੋਰ ਵੀ ਕਈ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਜਿਵੇਂ:

- ਕੰਮ ਕਰਦੀਆਂ ਮਾਵਾਂ ਨੂੰ ਸਭ ਤੋਂ ਵਡੀ ਸਮੱਸਿਆ ਇਹ ਹੁੰਦੀ ਹੈ ਕਿ ਉਹ ਆਪਣੇ ਬੱਚਿਆਂ ਨੂੰ ਕਿਸ ਕੋਲ ਛੱਡ ਕੇ ਜਾਣ। ਬੇਬੀ ਸਿਟਰਾਂ ਜਾਂ ਡੇ-ਕੇਅਰ ਸੈਂਟਰਾਂ ਵਿਚ ਬੱਚੇ ਛੱਡ ਤਾਂ ਜਾਂਦੀਆਂ ਹਨ ਪਰ ਉਨ੍ਹਾਂ ਨੂੰ ਕਦੀ ਤਸੱਲੀ ਨਹੀਂ ਹੁੰਦੀ ਕਿ ਉਨ੍ਹਾਂ ਦਾ ਬੱਚਾ ਜੋ ਪਿਆਰ ਚਾਹੁੰਦਾ ਹੈ ਕਿਵੇਂ ਆਪਣੀ ਗੱਲ ਅਜਨਬੀ ਬੇਗਾਨੀਆਂ ਬੇਬੀ ਸਿਟਰਾਂ ਨੂੰ ਸਮਝਾਏਗਾ। ਉਸ ਦੀ ਬੱਚਿਆਂ ਨੂੰ ਸਵੇਰੇ ਸੱਤ ਵਜੇ ਡੇ-ਕੇਅਰ ਵਿਚ ਛੱਡ ਕੇ ਸ਼ਾਮ ਦੇ ਪੰਜ ਵਜੇ ਤੱਕ - ਦਸ ਘੰਟੇ ਬੱਚੇ ਨੂੰ ਘਰੋਂ ਬਾਹਰ ਰਖਣ ਨਾਲ ਬੱਚੇ ਦਾ ਮਾਨਸਿਕ ਤੇ ਸਰੀਰਕ ਵਿਕਾਸ ਤਸੱਲੀਬਖ਼ਸ਼ ਨਹੀਂ ...
- ਬੱਚਿਆਂ ਦੀ ਦੇਖ ਭਾਲ ਦੀ ਸਮੱਸਿਆ ਹੱਲ ਕਰਨ ਲਈ ਕਈ ਪਰਿਵਾਰ ਆਪਣੇ ਬਿਰਧ ਮਾਤਾ ਪਿਤਾ ਨੂੰ ਸਪੌਂਸਰ ਕਰ ਲੈਂਦੇ ਹਨ ਤੇ ਉਨ੍ਹਾਂ ਨੂੰ ਇਥੇ ਮੰਗਾ ਕੇ ਉਨ੍ਹਾਂ ਕੋਲ ਬੱਚਿਆਂ ਨੂੰ ਛਡ ਦੇਂਦੇ ਹਨ ਪਰ ਬਿਰਧ ਮਾਤਾ ਪਿਤਾ ਨੂੰ ਇਨ੍ਹਾਂ ਘਰਾਂ ਵਿਚ ਕੋਈ ਮਾਨਸਿਕ ਹੁੰਦੀ ਹੈ। ਬੱਚਾ ਇਕੱਲਾ ਰਹਿਣਾ ਸਿੱਖ ਜਾਂਦਾ ਹੈ ਇਸ ਉਪਰੰਤ ਲੜਾਈ ਝਗੜੇ ਤੇ ਪਰਿਵਾਰਕ ਖਿਚੋਤਾਣ ਵਧ ਜਾਂਦੀ ਹੈ। ਔਰਤ ਲਈ ਪ੍ਰੇਸ਼ਾਨੀ ਹੋਰ ਵਧ ਜਾਂਦੀ ਹੈ।
- ਗੱਲ ਸਿਰਫ਼ ਬੱਚਿਆਂ ਦੀ ਦੇਖ ਭਾਲ ਦੀ ਹੀ ਨਹੀਂ, ਕੰਮ ਕਰਦੀਆਂ ਔਰਤਾਂ ਨੂੰ ਰੋਜ਼ਾਨਾ ਜ਼ਿੰਮੇਵਾਰੀਆਂ ਨਿਭਾਉਣੀਆਂ ਪੈਂਦੀਆਂ ਹਨ। ਘਰਾਂ ਦੇ ਕੰਮ - ਰੋਟੀ ਪਕਾਉਣੀ, ਭਾਂਡੇ ਧੋਣੇ, ਕਪੜੇ ਧੋਣੇ, ਸਫ਼ਾਈਆਂ ਕਰਨੀਆਂ, ਬੱਚਿਆਂ ਦੀ ਦੇਖ ਭਾਲ ਤੇ ਉਨ੍ਹਾਂ ਨੂੰ ਪੜ੍ਹਾਉਣਾ ਲਿਖਾਉਣਾ, ਤੇ ਹੋਰ ਢੇਰ ਟੱਬਰ ਆਦਿ ਸਾਰੇ ਕੰਮ ਔਰਤ ਦੇ ਜ਼ਿੰਮੇ ਹੀ ਪੈਂਦੇ ਹਨ।

ਕਈ ਪੜ੍ਹੇ ਲਿਖੇ ਆਧੁਨਿਕ ਖਿਆਲਾਂ ਦੇ ਪਰਿਵਾਰਾਂ ਵਿਚ ਵੀ ਅਜੇ ਇਹ ਵੇਖਣ 'ਚ ਆਉਂਦਾ ਹੈ ਕਿ ਔਰਤ ਭਾਵੇਂ ਘਰ ਤੋਂ ਬਾਹਰ ਅੱਠ ਘੰਟੇ ਕੰਮ ਕਰਕੇ ਆਵੇ ਪਰ ਘਰ ਵੜਦਿਆਂ ਹੀ ਉਸ ਨੂੰ ਛੇਤੀ ਛੇਤੀ ਪਤੀ ਲਈ ਰੋਟੀ, ਬੱਚਿਆਂ ਲਈ ਰੋਟੀ ਪਰੋਸਣੀ ਪੈਂਦੀ ਹੈ ਕਿਉਂਕਿ ਅਜਿਹੇ ਪਰਿਵਾਰਾਂ ਵਿਚ ਮਰਦ-ਪ੍ਰਧਾਨ ਰੁਚੀਆਂ ਅਜੇ ਵੀ ਉਵੇਂ ਹੀ ਕੰਮ ਕਰ ਰਹੀਆਂ ਹੁੰਦੀਆਂ ਹਨ। ਉਹ ਅਜੇ ਵੀ ਔਰਤ ਨੂੰ ਗੁਲਾਮ, ਦਾਸੀਆਂ ਤੇ ਬੇ-ਅਕਲ ਸਮਝਦੇ ਹਨ। ਮੂਰਖਾਂ ਨੂੰ ਪੈਰ ਦੀ ਜੁੱਤੀ ਨਹੀਂ ਜਿਹੜੀ ਔਰਤ ਵੰਗਾਰਤਾ ਅਪਣਾ ਕੇ ਮਰਦਾਂ ਵਿਚ ਸਮਤਾ ਅਧਿਕਾਰ ਤਾਰਕ ਸਮਾਜ ਦੇ ਕਲਾ ਸਕਦੀ ਹੈ ਉਹ ਭੈੜਾ ਆਖੀਆ ਤੇ ਫ਼ਸਾਦ ਕਿਵੇਂ ਹੋ ਸਕਦੀ ਹੈ — ਸਾਡੇ ਮਰਦ-ਪ੍ਰਧਾਨ ਸਮਾਜ ਚੋਂ ਆਮ ਪਰਿਵਾਰਾਂ ਦੀ ਇਹ ਇਕ ਮੂੰਹ ਬੋਲਦੀ ਤਸਵੀਰ ਹੈ ਤੇ ਉਹ ਆਪਣੀਆਂ ਪ੍ਰਧਾਨ ਰੁਚੀਆਂ ਅਜਿਹੇ ਸਮਾਜ ਵਿਚ ਰਖਣ ਦੀ ਚਾਹ ਰਖਦੇ ਹਨ ਜਿਥੇ ਔਰਤ ਮਰਦ ਦੇ ਬਰਾਬਰ ਕੰਮ ਕਰਦੀ ਹੈ। ਜੇ ਇਸ ਤਰ੍ਹਾਂ, ਔਰਤ ਦੇ ਆਰਥਕਤਾ ਵਿਚ ਪਾਏ ਯੋਗਦਾਨ ਨੂੰ ਜਾਂ ਤਾਂ ਤੁੱਛ ਸਮਝਿਆ ਜਾਂਦਾ ਹੈ ਜਾਂ ਨਜ਼ਰ-ਅੰਦਾਜ਼ ਹੀ ਕਰ ਦਿਤਾ ਜਾਂਦਾ ਹੈ।

ਇਸ ਤੋਂ ਹੈ ਉਨ੍ਹਾਂ ਔਰਤਾਂ ਦੀ ਹਾਲਤ ਜਿਨ੍ਹਾਂ ਪਾਸ ਦਾ ਸਾਰਾ ਕੰਮ ਹੀ ਕਰਦੀਆਂ ਹਨ ਅਤੇ ਘਰੋਂ ਬਾਹਰ ਦੀ ਅੱਠ ਘੰਟੇ ਕੰਮ ਕਰਕੇ ਤਾਕਤ ਲਗਾ ਕੇ ਵਿਆਹੀਆਂ ਹਨ। ਅਜਿਹੇ ਸਾਡੇ ਆਦਰਸ਼ ਪਰਿਵਾਰ ਹਨ ਜਿਨ੍ਹਾਂ ਵਿਚ ਔਰਤਾਂ ਨੂੰ ਰੋਜ਼ਾਨਾ 16 ਤੋਂ 18 ਘੰਟੇ ਹੱਡ ਤੋੜਵਾਂ ਕੰਮ ਕਰਨਾ ਪੈਂਦਾ ਹੈ ਜਿਵੇਂ ਫਾਰਮਾਂ ਵਿਚ ਕੰਮ ਕਰਨ ਵਾਲੀਆਂ ਕਾਮਾ ਔਰਤਾਂ। ਉਹ ਦਸ ਘੰਟੇ ਘੰਟੇ ਬਾਹਰ ਫਾਰਮਾਂ ਵਿਚ ਕੰਮ ਕਰਦੀਆਂ ਹਨ ਬਾਕੀ ਛੇ ਸੱਤ ਘੰਟੇ ਘਰ ਦੀ ਤੇ ਬੱਚਿਆਂ ਦੀ ਦੇਖ ਭਾਲ ਵਿਚ ਗੁਜ਼ਾਰਦੀਆਂ ਹਨ। ਪਰ ਆਰਥਕਤਾ ਵਿਚ ਪਾਇਆ ਇਹ ਯੋਗਦਾਨ ਕਿੰਨਾ ਕਦੀ ਵੀ ਕਬੂਲਿਆ ਨਹੀਂ ਗਿਆ ਕਿਉਂਕਿ ਘਰ ਦੇ ਕੰਮ ਨੂੰ ਕੋਈ ਤਰਜੀਹ ਜਾਂ ਮਾਨਤਾ ਕਦੀ ਨਹੀਂ ਦਿੱਤੀ ਗਈ। ਔਰਤ ਹਰ ਪੱਖੋਂ ਮਰਦ ਦੇ ਮੋਢੇ ਨਾਲ ਮੋਢਾ ਜੋੜ ਕੇ ਆਰਥਕਤਾ ਵਿਚ ਹਿੱਸਾ ਪਾ ਰਹੀ ਹੈ ਪਰ ਫਿਰ ਵੀ ਮਰਦ ਦੇ ਤੇ ਔਰਤ ਦੇ ਘਰ ਦੇ ਕੰਮ ਵਿਚ ਵੱਖ ਵੰਡ ਦੁਆਉਣ ਲਈ ਤਿਆਰ ਹਨ। ਅਜੇ ਇਸ ਪਰਿਵਾਰਕ ਸਮਾਜ ਵਿਚ ਵਿਕਾਸ ਹੋਣ ਤਾਂ ਉਥੇ ਜਦੋਂ ਔਰਤਾਂ ਘਰੋਂ ਬਾਹਰ

ਕੰਮ ਕਰਨ ਜਾਂਦੀਆਂ ਹਨ ਤਾਂ ਉਨ੍ਹਾਂ ਦੇ ਮਰਦ ਉਨ੍ਹਾਂ ਨਾਲ ਘਰ ਦਾ ਕੰਮ ਵੀ ਵੰਡਾਉਂਦੇ ਹਨ ਵਾਰੀ ਨਾਲ ਘਰ ਦੀ ਸਫ਼ਾਈ ਤੇ ਸਾਜ਼ੋ-ਸਾਮਾਨ ਦੀ ਸਾਂਭ ਕਰਦੇ ਹਨ, ਕਿਚਨ ਵਿਚ ਖਾਣਾ ਬਣਾਉਣ ਵਿਚ ਵੀ ਮਦਦ ਕਰਦੇ ਹਨ; ਫਿਰ ਬੱਚਿਆਂ ਨਾਲ ਦੋ ਚਾਰ ਘੰਟੇ ਬਿਤਾਉਣਾ ਆਪਣਾ ਫ਼ਰਜ਼ ਸਮਝਦੇ ਹਨ। ਪਰ ਸਾਡੇ ਭਾਰਤੀ ਪਰਵਾਰਾਂ ਵਿਚ ਇਹੀ ਸਮਝਿਆ ਜਾਂਦਾ ਹੈ ਕਿ 'ਔਰਤ ਬਣੀ ਹੀ ਚੌਂਕੇ ਭਾਂਡੇ ਕਰਨ ਵਾਸਤੇ ਹੈ' ਤੇ ਉਸ ਕੰਮ ਦੀ ਕਿਤੇ ਕੋਈ ਕਦਰ ਨਹੀਂ ਹੁੰਦੀ।

ਜਿਹੜੀਆਂ ਔਰਤਾਂ ਘਰ ਰਹਿੰਦੀਆਂ ਹਨ ਕਿਉਂਕਿ ਉਨ੍ਹਾਂ ਨੂੰ ਬੱਚਿਆਂ ਦੀ ਦੇਖਭਾਲ ਕਰਨੀ ਹੁੰਦੀ ਹੈ, ਉਨ੍ਹਾਂ ਨੂੰ ਕਦੀ ਸਮਾਜ ਉੱਤੇ ਭਾਰ ਸਮਝਿਆ ਜਾਂਦਾ ਸੀ ਪਰ ਸਮਾਂ ਬਦਲਣ ਦੇ ਨਾਲ ਨਾਲ ਕਦਰਾਂ ਕੀਮਤਾਂ ਵੀ ਬਦਲ ਜਾਂਦੀਆਂ ਹਨ। ਜੇ ਜ਼ਰਾ ਬਰੀਕੀ ਨਾਲ ਸੋਚਿਆ ਜਾਵੇ ਤੇ ਇਕ ਗ੍ਰਹਿਣੀ (Housewife) ਦੇ ਰੋਜ਼ਾਨਾ ਕੰਮ ਗਿਣੇ ਜਾਣ ਤਾਂ ਉਹ ਇਕ ਆਦਮੀ ਦੀ ਕਮਾਈ ਦੇ ਬਰਾਬਰ ਬੱਚਤ ਕਰ ਰਹੀ ਹੁੰਦੀ ਹੈ। ਇਕਵਰੇ ਸਮਾਜ ਵਿਚ ਕਈ ਵਾਰ ਤਲਾਕ ਦਾ ਕਾਰਣ ਆਰਥਕ ਸਮਸਿਆ ਹੁੰਦਾ ਹੈ ਇਸੇ ਤਰ੍ਹਾਂ, ਪਿਛਲੇ ਸਾਲ ਤਲਾਕ ਦੇ ਇਕ ਮਾਮਲੇ ਵਿਚ ਜਦੋਂ ਪਤੀ ਨੇ ਪਤਨੀ ਨੂੰ ਵਿਹਲੜ ਤੇ ਨਿਕੰਮੀ ਵਾਧੂ ਭਾਰ ਸਾਬਤ ਕਰਨ ਦਾ ਜਤਨ ਕੀਤਾ ਤਾਂ ਅਮਰੀਕੀ ਆਰਥਿਕ ਸਿੱਟੇ ਦੇ ਜਿਹੜੇ ਤੱਥ ਕੋਰਟ ਵਿਚ ਪੇਸ਼ ਕੀਤੇ ਉਹ ਹੈਰਾਨਕੁਨ ਸਨ। ਅਮਰੀਕੀ ਸਿੱਟੇ ਦੇ ਕਈ ਅਰਥਸ਼ਾਸਤਰੀਆਂ (Economists), ਨੌਕਰੀ ਸਲਾਹਕਾਰਾਂ, ਤੇ ਰੁਜ਼ਗਾਰ ਏਜੰਸੀਆਂ ਤੋਂ ਵੱਖ ਵੱਖ ਕੰਮਾਂ ਦੇ wages ਦੇ ਅੰਕੜੇ ਪ੍ਰਾਪਤ ਕਰਕੇ ਇਹ ਸਿੱਧ ਕੀਤਾ ਕਿ ਇਕ ਗ੍ਰਹਿਣੀ ਜਿਸ ਦੇ ਦੋ ਬੱਚੇ ਹਨ ਉਹ ਇਕ ਦੇ ਅੱਠ ਘੰਟੇ ਜਿਹੜੇ ਕੰਮ ਕਰਦੀ ਹੈ ਜੇ ਉਸਨੂੰ ਮੁਆਵਜ਼ਾ ਦੇਣਾ ਪਵੇ ਤਾਂ ਉਹ ਲਗਭਗ 785 ਡਾਲਰ ਦੇ ਹਫ਼ਤਾ ਬਣ ਜਾਵੇ। ਉਸ ਅਨੁਸਾਰ ਇਕ ਔਸਤਨ ਘਰੇਲੂ ਔਰਤ ਹੇਠਾਂ ਲਿਖੇ ਕੰਮ ਕਰਦੀ ਹੈ:

ਖਾਣਾ ਪਕਾਉਣਾ, ਭਾਂਡੇ ਸਾਫ਼ ਕਰਨੇ, ਸਫ਼ਾਈ, ਘਰ ਦੀ ਦੇਖਭਾਲ, ਗਰੋਸਰੀ ਖ਼ਰੀਦਣੀ ਰਾਤ ਦਿਨ ਬੱਚਿਆਂ ਦੀ ਦੇਖਭਾਲ, ਮਾਲੀਆਂ ਦਾ ਕੰਮ, ਕੱਪੜੇ ਧੋਣੇ, ਕੱਪੜੇ ਸਿਉਣੇ, ਬਾਗਬਾਨੀ, ਪਰਵਾਰਕ ਸਲਾਹਕਾਰ, ਬਾਲ-ਮਨੋਵਿਗਿਆਨੀ, ਟੁੱਟੀ ਖ਼ਰਾਬ ਚੀਜ਼ਾਂ ਬਾਹਰ ਚਲਾਉਣਾ ਜਾਂ ਸੰਭਾਲਣਾ, ਘਰ ਦੀ ਅੰਦਰੂਨੀ ਸਜਾਵਟ, ਬਜਟ, ਬੁੱਕ ਕੀਪਿੰਗ, ਨਾਂਰਸਿੰਗ, ਸੈਕਰੇਟਰੀ ਦਾ ਕੰਮ, ਤੇ ਘਰ ਤੇ ਖ਼ਰਚਾਂ ਦੀ ਸਾਂਭ ਸੰਭਾਲ ਆਦਿ ਕੁਲ ਮਿਲਾ ਕੇ ਸਾਰੇ ਕੰਮਾਂ ਦਾ ਜੋੜ ਕਰੀਏ ਗ੍ਰਹਿਣੀ ਇਸ ਤਰ੍ਹਾਂ ਹਫ਼ਤੇ ਵਿਚ 785 ਡਾਲਰ ਦਾ ਕੰਮ ਕਰਦੀ ਹੈ ਤੇ ਉਸਨੂੰ ਇਨ੍ਹਾਂ ਕੰਮਾਂ ਦਾ ਮੁਆਵਜ਼ਾ ਕਦੀ ਡਾਲਰਾਂ ਦੇ ਰੂਪ ਵਿਚ ਨਹੀਂ ਮਿਲਦਾ। ਜੇ ਇਕ ਗ੍ਰਹਿਣੀ ਨੂੰ ਇਨ੍ਹਾਂ ਸਾਰੇ ਕੰਮਾਂ ਦਾ ਮੁਆਵਜ਼ਾ ਦੇਣਾ ਪਵੇ ਤਾਂ ਸਾਲਾਨਾ ਲਗਭਗ ਚਾਲੀ ਹਜ਼ਾਰ ਡਾਲਰ ਬਣ ਜਾਵੇ। ਇਸ ਤਰ੍ਹਾਂ ਇਕ ਗ੍ਰਹਿਣੀ ਆਪਣੇ ਪਰਵਾਰ ਦੀ ਆਰਥਕਤਾ ਵਿਚ ਚਾਲੀ ਹਜ਼ਾਰ ਡਾਲਰ ਸਾਲਾਨਾ ਦਾ ਹਿੱਸਾ ਪਾਉਂਦੀ ਹੈ।

ਤੁਸੀਂ ਜ਼ਰਾ ਸੋਚੋ ਜੇ ਘਰ ਵਿਚ ਮਾਂ ਬੱਚਿਆਂ ਦੀ ਦੇਖਭਾਲ ਨਹੀਂ ਕਰਦੀ ਤਾਂ ਉਸ ਦੀ ਥਾਂ ਕੋਈ ਬੇਬੀਸਿਟਰ ਜਾਂ ਆਇਆ ਰੱਖਣੀ ਜੋ ਇਕ ਘੰਟੇ ਦਾ ਦੋ ਜਾਂ ਡਾਲਰ ਮਜ਼ਦੂਰੀ ਲੈਂਦੀ। ਇਸੇ ਤਰ੍ਹਾਂ ਖਾਣਾ ਪਕਾਉਣ, ਘਰ ਦੀ ਸਫ਼ਾਈ ਤੇ ਕੱਪੜੇ ਆਦਿ ਧੋਣ ਲਈ ਜੇ ਬਾਹਰੋਂ ਮਦਦ ਲਈ ਜਾਵੇ ਤਾਂ ਉਸ ਹਿਸਾਬ ਨਾਲ ਪੈਸੇ ਵੀ ਦੇਣੇ ਪੈਣਗੇ। ਪਰ ਇਕ ਗ੍ਰਹਿਣੀ ਜੋ ਆਰਥਕ ਹਾਲਤ ਵਿਚ ਹਿੱਸਾ ਪਾਉਂਦੀ ਹੈ ਉਸਦਾ ਕੋਈ ਠੋਸ ਪ੍ਰਮਾਣ ਜਾਂ ਲਿਖਤੀ ਰੂਪ ਨਹੀਂ ਮਿਲਦਾ। ਇਹ ਅਜਿਹੀ ਨੌਕਰੀ ਹੈ ਜਿਸ ਲਈ ਨਾ ਕੋਈ appointment letter ਹੁੰਦੀ ਹੈ ਨਾ ਹੀ ਕੋਈ Paycheque. ਇਸਲਈ ਗ੍ਰਹਿਣੀ ਦਾ ਕੰਮ ਸਦਾ ਨਜ਼ਰਅੰਦਾਜ਼ ਕੀਤਾ ਜਾਂਦਾ ਰਿਹਾ ਹੈ।

ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਇਕ ਗ੍ਰਹਿਣੀ ਦੀ ਹਮੇਸ਼ਾ ਹੀ ਮਹੱਤਤਾ ਰਹੀ ਹੈ ਪਰ ਇਹ ਮਹੱਤਤਾ ਇਕ ਮਾਂ, ਪਤਨੀ, ਪ੍ਰੇਮਕਾ, ਦੇ ਰੂਪ ਵਿਚ ਭਾਵਾਤਮਕ ਪੱਧਰ ਤੇ ਰਹੀ ਹੈ। ਪਰ ਹੁਣ ਸਮਾਂ ਆ ਗਿਆ ਹੈ ਕਿ ਔਰਤ ਦੀ ਕਦਰ ਆਰਥਕ ਸਹਿਯੋਗੀ ਦੇ ਤੌਰ ਤੇ ਕੀਤੀ ਜਾ ਸਕਦੀ ਹੈ। ਘਰੋਂ ਬਾਹਰ ਜਾ ਕੇ ਕੰਮ ਕਰਨ ਵਾਲੀਆਂ ਔਰਤਾਂ ਹੀ ਸਿਰਫ਼ ਆਰਥਕਤਾ ਵਿਚ ਹਿੱਸਾ ਨਹੀਂ ਪਾ ਰਹੀਆਂ ਸਗੋਂ ਉਨ੍ਹਾਂ ਦੀਆਂ ਹੀ ਭੈਣਾਂ ਜੋ ਘਰ ਦੀਆਂ ਸਾਰੀਆਂ ਜ਼ਿੰਮੇਵਾਰੀਆਂ ਨਿਭਾ ਰਹੀਆਂ ਹਨ ਉਹ ਵੀ ਇਕ ਅਦ੍ਰਿਸ਼ਟ ਆਰਥਕਤਾ ਵਿਚ ਠੋਸ ਹਿੱਸਾ ਪਾ ਰਹੀਆਂ ਹਨ।

## ਜੋਜ਼ੇ ਲਚਲਾਂ

ਜੋਜ਼ੇ ਪੀ. ਸੀ. ਦੀ ਅੰਗ੍ਰੇਜ਼ੀ ਤੇ ਫ੍ਰੈਂਚ ਵਿਚ ਲਿਖਣ ਵਾਲੀ ਕਹਾਣੀਕਾਰ ਹੈ ਅਤੇ ਫ੍ਰੈਂਚ ਤੋਂ ਅੰਗ੍ਰੇਜ਼ੀ ਵਿਚ ਸਾਹਿਤ ਦਾ ਅਨੁਵਾਦ ਕਰਦੀ ਹੈ ਅਤੇ ਉਸਨੂੰ ਪੰਜਾਬੀ ਸਾਹਿਤ ਵਿਚ ਵੀ ਦਿਲਚਸਪੀ ਹੈ। ਏਥੇ ਉਸਦੀ ਇਕ ਕਹਾਣੀ "Vinegar" ਦਿੱਤੀ ਜਾ ਰਹੀ ਹੈ।

ਅਨੁਵਾਦ : ਸੁਰਜੀਤ ਕਲਸੀ

ਅੰਗ੍ਰੇਜ਼ੀ ਕਹਾਣੀ

## ਸਿਰਕਾ

"ਬਸ ਕਰੋ ਸੁਮਿਤ੍ਰ, ਬੰਦ ਕਰੋ ਸ਼ੋਰ ਹੁਣ! ਕਿੰਨੀ ਵਾਰ ਤੁਹਾਨੂੰ ਕਹਿਣਾ ਪਏਗਾ ਕਿ ਮੈਂ ਥੱਕੀ ਹੋਈ ਹਾਂ!" ਕਰ ਛਿਟੇ ਸੁਣ! ਮੈਂ ਕਿਹਾ ਕਹਿਣ ਲਗ ਪਈ ਹਾਂ ਇਹਨਾਂ ਦਿਨੀਂ... ਸ਼ਾਮ, ਉਸ ਤੋਂ ਇਕ ਦਿਨ ਪਹਿਲਾਂ ਦੀ, ਅੱਜ ਤੇ ਭਲਕੇ ਦੀ ਇਕੋ ਜਿਹੀ ਗਾਥਾ — ਬੱਚੇ, ਘਰ ਦਾ ਕੰਮ ਧੰਦਾ, ਖਾਣਾ ਪਕਾਉਣਾ, ਸ਼ੋਰ ਸ਼ਰਾਬਾ — ਥਕਾਵਟ ... ਕਲ ਸਵੇਰ ਸ਼ਾਮ ਦਾ ਖਾਣਾ ਪਕਾਉਣਾ ਦੀ ਪੰਡ... ਅੰਡੇ, ਸਿਰਕਾ... ...

ਠੰਡੇ ਪਾਣੀ ਵਾਲਾ ਸ਼ਾਵਰ ਚੰਗਾ ਲਗਿਆ, ਪਾਣੀ ਅੰਦਰ ਵਗੀ ਜਾ ਰਿਹਾ। ਰਾਤ ਦੀ ਕੋਮਲ ਹਵਾ ਸਰੀਰ ਖੁਸ਼ਕ ਕਰਦੀ, ਤੇ... ...

"ਮੰਮੀ, ਮੰਮੀ ਸ਼ਾਮ ਦੀ ਖਾਣਾ ਕਦੋਂ ਕੁ ਤਕ ਤਿਆਰ ਹੋਏਗਾ?"

"ਓ ਸ਼ੈਰਨ, ਛੇ ਕੁ ਵਜੇ ਦੇ ਕਰੀਬ, ਕਿਉਂ ਕੀ ਗੱਲ ਐ?"

"ਮੈਂ ਜਾ ਕੇ ਜੈਨੇਫਰ ਨਾਲ ਖੇਡਣਾ ਚਾਹੁੰਦੀ ਹਾਂ।"

"ਤੂੰ ਖੇਡ ਸਕਦੀ ਹੈਂ ਪਰ ਦੇਰੀ ਨਾ ਕਰੀਂ ਘਰ ਆਉਣ 'ਚ।"

"ਨਹੀਂ, ਮੈਂ ਨਹੀਂ ਕਰਦੀ। ਬਾਏ।"

"ਬਾਏ, ਬਾਏ!" ਹਾ ਮੈਂ ਕੀ ਸੋਚਦੀ ਪਈ ਸਾਂ? ਓ ਹਾਂ, ਸਿਰਕਾ... ਤੁਸਾਂ ਹੀ ਛੇਰ ਗਏ ਸੋ, ਇਕ ਦੀ ਸ਼ੀਸ਼ੀ ਖਰੀਦਿਆ... ਹੋਰ ਦੀ ਦੇਖ ਭਾਲ ਕੀ ਚੀਜ਼ ਦੀ ਲੋੜ ਹੈ... ਸੈਂ ਦੁੱਧ ਦੀ ਖਤਮ ਐ, ਬ੍ਰੈਡ ਦੀ ਵੀ ਨਹੀਂ। ਮੈਂ ਜਾਂਦੀ ਹਾਂ ਸ਼ੈਹ... ...

ਟੈਲੀਫੋਨ ਦੀ ਘੰਟੀ ਵਜਦੀ ਹੈ: "ਹੈਲੋ. ਹਾਂ... ਹਾਏ, ਰਜਿਸ... ਨਹੀਂ, ਉਹ ਹੁਣੇ ਹੀ ਆਪਣੀ ਇਕ ਦੋਸਤ ਨਾਲ ਬਾਹਰ ਖੇਡਣ ਗਈ ਹੈ... ਸਾਢੇ ਛੇ ਵਜੇ... ਓ. ਕੇ. ਮੈਂ ਉਸਨੂੰ ਦਸ ਦਿਆਂਗੀ। ਸ਼ੁਕਰੀਆ। ਬਾਏ।" ਸ਼ਾਵਰ ਚਲੀ ਜਾ ਰਿਹਾ ਹੈ, ਪਤਾ ਨਹੀਂ ਮੈਂ ਕਾਹਦੇ ਲਈ ਪਾਣੀ ਖੁਲ੍ਹਿਆ ਸੀ? ... ਆਂਡਿਆਂ ਲਈ ਸ਼ਾਇਦ। ਹਾਂ ਇਸੇ ਵਾਸਤੇ ਹੀ ਖੋਲ੍ਹਿਆ ਸੀ ਆਂਡੇ ਉਬਾਲਣ ਵਾਸਤੇ ਪਾਣੀ ਲੈਣਾ ਸੀ। ਚਾਂਡੇ ਚੁਕਣ ਲਗਣ ਨਾਲ ਖੜਕਾ ਕਰਦੇ ਹਨ। ਪਾਣੀ ਦਾ ਪਤੀਲਾ ਭਰ ਕੇ ਉਸ ਵਿਚ ਆਂਡੇ ਪਾ ਦੇਂਦੀ ਹਾਂ। ਤੇ ਸਟੋਵ ਉੱਤੇ ਰਖ ਦਿੰਦੇ ਹਨ, ਗੈਸ ਜਗਾ ਦਿਤੀ ਹੈ। ਛੋਟਾ ਜਿਹਾ ਪਰਸ ਲੈ ਕੇ ਬਾਹਰ ਨਿਕਲਦੀ ਹਾਂ — "ਮੈਂ ਹੁਣੇ ਆਉਂਦੀ ਆਂ, ਸੁਮਿਤ੍ਰ, ਮੈਂ ਆ ਨੁਕਰ ਵਾਲੇ ਸਟੋਰ ਤੱਕ ਚਲੀ ਆਂ।" ਬਾਹਰਲਾ ਦਰਵਾਜ਼ਾ ਬੰਦ ਕਰਨ ਦੀ ਆਵਾਜ਼ ਆਉਂਦੀ ਹੈ।

ਕੁਝ ਮਿੰਟਾਂ ਲਈ ਮਨ ਨੂੰ ਖੁਲ੍ਹਮ ਖੁਲ੍ਹਾ ਛਡ ਦਿੰਦਾ ਹੈ ਤਾਂ ਜੋ ਉਹ ਬਾਹਰ ਦੇ ਰੁੱਖਾਂ ਦੀ ਖੁਸ਼ਬੂ ਮਾਣ ਲਵੇ, ਪਰਿੰਦਿਆਂ ਸਮੁੰਦਰ ਤੇ ਕਿਸ਼ਤੀਆਂ ਦਾ ਨਜ਼ਾਰਾ ਮਾਣ ਲਵੇ ਤੇ ਹਵਾ ਦੇ ਰੁਖ ਨਾਲ ਮਸਤ ਜਾਂਦੀਆਂ ਲਹਿਰਾਂ ਵਿਚ ਮਿਲਨ ਵਿੱਚ ਜਾਏ।

ਬਾਹਰ ਆ ਕੇ ਮੈਂ ਤਾਂ ਇਕ ਦਮ ਹੀ ਭੁਲ ਗਈ ਹਾਂ ਕਿ ਸਾਢੇ ਪੰਜ ਵਜੇ ਸਾਨੂੰ ਤਾਂ ਬਹੁਤ ਭੀੜ ਹੁੰਦੀ ਹੈ। ਕਲ ਤਾਂ ਕੀ ਐ ਮੈਂ ਤਾਂ ਸਿਰਫ ਸਿਰਕਾ, ਦੁੱਧ ਤੇ ਬ੍ਰੈਡ ਹੀ ਲੈਣੀ ਹੈ। ਹੈਂ! ਇਹ ਛੋਟਾ ਜਿਹਾ ਸਿਰਕਾ ਸਤਾਰਾਂ ਸੈਂਟ ਦਾ ਹੈ!

"ਮੁਆਫ਼ ਕਰਨਾ, ਕੀ ਤੁਸੀਂ ਦਸ ਸਕਦੇ ਹੋ ਕਿ ਸਿਰਕਾ ਕਿਥੇ ਹੋਏਗਾ?"

"ਹਾਂ, ਉਸ ਕੰਧ ਨਾਲ ਦੀ ਸ਼ੈਲਫ਼ ਤੇ ਦੇਖੋ ਤਾਂ, ਉਹ ਸਿਰਕਾ, ਇਹੋ ਚਾਹੀਦਾ ਸੀ?"

"ਹਾਂ, ਹਾਂ, ਸ਼ੁਕਰੀਆ। ਇਹ ਸਿਰਕਾ ਤਾਂ ਬੜੇ ਮਹਿੰਗੇ ਹੋ ਗਏ ਨੇ, ਹੈ ਨਾ?"

"ਹਾਂ, ਸਰਦਾਰ, ਮੈਂ ਵੀ ਰਹੇ ਹੀ ਵੇਖੇ ਨੇ।"

"ਜਿਵੇਂ ਕੋਈ ਚੀਜ਼ ਮੰਗਿਆਂ ਹੋ ਗਿਆਂ, ਉਵੇਂ ਹੀ ਇਹ ਵੀ ਹੋ ਗਏ ਨੇ। ਕੁਝ ਦਿਨ ਹੋਏ ਕੁਝ ਦਿਨ ਹੋਏ ਮੇਰੇ ਪੁੱਤਰ ਨੇ ਫ਼ੋਨ ਕੀਤਾ ਕਿ ਉਹ ਸ਼ਾਮ ਦਾ ਖਾਣਾ ਮੇਰੇ ਘਰ ਹੀ ਖਾਏਗਾ।"

"ਹੂੰ..."

"ਪਤੈ ਉਹ ਸ਼ਾਦੀਸ਼ੁਦਾ ਹੈ... ਪਰ ਕਦੀ ਉਹ ਸਾਡੇ ਨਾਲ ਘਰ ਹੀ ਖਾਣਾ ਪਸੰਦ ਕਰਦਾ ਹੈ। ਮੇਰਾ ਖ਼ਿਆਲ ਹੈ ਉਸਨੂੰ ਮੇਰਾ ਪਕਾਇਆ ਖਾਣਾ ਆਪਣੀ ਪਤਨੀ ਦੇ ਪਕਾਏ ਖਾਣੇ ਨਾਲੋਂ ਵਧੇਰੇ ਚੰਗਾ ਲਗਦਾ ਹੈ। ਤੁਸੀਂ ਇਹ ਨਾ ਸਮਝਣਾ ਕਿ ਮੈਂ ਉਸਦੀ ਵਹੁਟੀ ਨੂੰ ਚੰਗਾ ਨਹੀਂ ਸਮਝਦੀ। ਉਹ ਇਕ ਪਿਆਰੀ ਕੁੜੀ ਹੈ ਪਰ ਉਹ ਚੰਗੀ ਤਰਾਂ ਭੋਜਨ ਨਹੀਂ ਤਿਆਰ ਕਰ ਸਕਦੀ ਕਿਉਂਕਿ ਉਸ ਨੇ ਸਿੱਖਿਆ ਹੀ ਨਹੀਂ।"

"ਹੂੰ..." ਮੈਂ ਤਾਂ ਸਿਰਫ਼ ਰਿਧੂ ਲੈਣ ਹੀ ਆਈ ਸਾਂ

"ਬੱਚੇ ਐਨੇ ਖ਼ੁਦਗਰਜ਼ ਹੋ ਜਾਂਦੇ ਨੇ ਕਿ ਕੀ ਕਹਾਂ। ਉਹ ਹਮੇਸ਼ਾਂ ਆਪਣੇ ਬਾਰੇ ਹੀ ਸੋਚਦੇ ਨੇ। ਤੁਸੀਂ ਉਹਨਾਂ ਲਈ ਸਭ ਕੁਝ ਕਰਦੇ ਹੋ ਫਿਰ ਉਹ ਘਰ ਛੱਡ ਜਾਂਦੇ ਨੇ ਪਰ ਫਿਰ ਵੀ ਉਹ ਉਮੀਦ ਰੱਖਦੇ ਨੇ ਕਿ ਤੁਸੀਂ ਉਹਨਾਂ ਦੀ ਮਦਦ ਕਰਦੇ ਰਹੋ।

"ਹੋ ਸਕਦੈ, ਅਸੀਂ ਵੀ ਉਸੇ ਤਰਾਂ ਦੇ ਹੀ ਹੋਵਾਂਗੇ।" ਉਸਦੀ ਤਕਣੀ ਤੋਂ ਪਤਾ ਲਗਦਾ ਸੀ ਕਿ ਉਹ ਆਸ ਦੀ ਗੱਲ ਕਰ ਰਹੀ ਹੈ ਥੀੜਿਆ ਕਰੂ ਭੁੱਖ ਭੁਖਾ ਲਗਦਾ ਸੀ।

"ਅਜੇ ਕੁਝ ਹੀ ਦਿਨਾਂ ਦੀ ਗੱਲ ਹੈ ਮੇਰੇ ਦੂਜੇ ਪੁੱਤਰ ਦਾ ਕਾਰ ਹਾਦਸਾ ਹੋ ਗਿਆ। ਉਹ ਬਾਹਰੀ ਸ਼ਹਿਰਾਂ ਦਾ ਹੈ। ਉਹ ਬਿਲਕੁਲ ਵਾਲ-ਵਾਲ ਹੀ ਬਚ ਗਿਆ, ਕਾਰ ਤਾਂ ਉਹਦੀ ਭੰਨੀ ਹੀ ਗਈ ਸੀ। ਸੋ ਹੁਣ ਉਹ ਨਵੀਂ ਕਾਰ ਖ਼ਰੀਦਣਾ ਚਾਹੁੰਦਾ ਹੈ। ਇਕ ਕਾਰ ਮੇਰੇ ਪਤੀ ਨੂੰ ਕੰਮ ਲਈ ਚਾਹੀਦੀ ਹੈ ਸੋ ਮੈਂ ਆਪਣੀ ਕਾਰ ਆਪਣੇ ਪੁੱਤਰ ਨੂੰ ਦੇ ਦਿੱਤੀ ਪਰ ਉਸਨੇ ਮੈਨੂੰ ਇਕ ਵਾਰ ਸ਼ੁਕਰੀਆ ਵੀ ਨਹੀਂ ਕਹਿਆ... ਅਤੇ..."

"ਅੱਛਾ?..." ਰਿਧੂ, ਦੁੱਧ, ਖੰਡ।

"ਫੇਰ ਦੇਖੋ ਨਾ, ਮੇਰੀ ਇਕ ਧੀ ਹੈ ਜੋ ਅਜੇ ਹੀ ਯੂਨੀਵਰਸਿਟੀ ਜਾਂਦੀ ਹੈ ਪਰ ਉਹ ਕਦੀ ਵੀ ਨਹੀਂ ਆਪਣੀਆਂ ਚੀਜ਼ਾਂ ਸੰਭਾਲਦੀ; ਉਹਦਾ ਸੌਣ ਕਮਰਾ ਤਾਂ ਕਬਾੜੀਏ ਦਾ ਕਮਰਾ ਲਗਦੈ।

— ਖੰਡ, ਰਿਧੂ, ਤੇ... ਤੇ...

"ਉਹ ਘਰ ਦੇ ਕੰਮ ਵਿਚ ਕਦੀ ਮੇਰੀ ਮਦਦ ਨਹੀਂ ਕਰਦੀ, ਉਹ ਇਸ ਬਾਰੇ ਸੋਚਦੀ ਹੀ ਨਹੀਂ। ਉਹ ਤਾਂ ਬਸ... ਜਾਂ ਉਹਦੀ ਪੜ੍ਹਾਈ ਹੈ ਜਾਂ ਪਾਰਟੀਆਂ। ਮੈਨੂੰ ਸਮਝ ਨਹੀਂ ਆਉਂਦੀ ਮੈਥੋਂ ਕੀ ਗ਼ਲਤੀ ਹੋ ਗਈ ਹੈ।"

"ਮੇਰਾ ਖ਼ਿਆਲ ਹੈ ਤੁਹਾਨੂੰ ਇੰਜ ਨਹੀਂ ਸੋਚਣਾ ਚਾਹੀਦਾ।"

"ਨਹੀਂ, ਨਹੀਂ, ਤੁਸੀਂ ਮੈਨੂੰ ਗ਼ਲਤ ਨਾ ਸਮਝਣਾ। ਮੈਂ ਉਹਨਾਂ ਨੂੰ ਬਹੁਤ ਪਿਆਰ ਕਰਦੀ ਹਾਂ। ਇਹ ਤਾਂ ਸਿਰਫ਼ ਉਹਨਾਂ ਦਾ ਸੁਭਾ ਹੈ, ਮੇਰਾ ਖ਼ਿਆਲ ਹੈ ਇਹ ਤਾਂ ਸਮੇਂ ਸਮੇਂ ਦੀ ਗੱਲ ਹੈ। ਉਂਜ ਵੀ ਅਜੇ ਇਹ ਬੱਚੇ ਹੀ ਤਾਂ ਨੇ। ਆਪੇ ਸਿੱਖ ਜਾਣਗੇ। ਪਤੈ ਉਹ ਕਿੰਨੇ ਬੇਸਹਾਰਾ ਸਨ ਜਦੋਂ ਨਿੱਕੇ ਬੱਚੇ ਹੁੰਦੇ ਸਨ। ਕਦੀ ਇੱਧਰ ਆਉਂਦੀ, ਕਦੀ ਉੱਧਰ ਜਾਂਦੀ, ਮੇਰਾ ਇਹ ਕੰਮ ਕਰੀਂ ਮੰਮੀ, ਮੈਨੂੰ ਇਹ ਦੇ, ਮੈਂ ਓਹ ਲੈਣਾ — ਜੋ ਉਵੇਂ ਮੈਂ ਉਹਨਾਂ ਲਈ ਸਭ ਕੁਝ ਕਰਦੀ ਰਹੀ... ਮੈਂ ਇਕ ਚੰਗੀ ਮਾਂ ਬਣਨ ਦਾ ਯਤਨ ਕੀਤਾ... ਪਰ ਮੈਨੂੰ ਸਮਝ ਨਹੀਂ ਆਉਂਦੀ... ..."

ਥੋੜ੍ਹਾ ਕੁ ਘਬਰਾ ਕੇ ਰਿਧੂ ਸੁੱਟ ਦੇਂਦੀ ਹਾਂ, ਦੂਜੇ ਹੱਥ ਨਾਲ ਇਹ ਚੁੱਕਦੀ ਹਾਂ... ਅੱਖਾਂ ਘੁਮਾ ਕੇ ਉਸ ਵੱਲ ਦੇਖਦੀ ਹਾਂ...... ਹਾਏ ਵਿਚਾਰੀ ਕਿੰਨੀ ਬੇਚੈਨ ਲਗਦੀ ਹੈ ਜਿਵੇਂ ਕਹਿ ਰਹੀ ਹੋਵੇ ਕੋਈ ਮੇਰੀ ਗੱਲ ਸੁਣੇ!... ਹੈ ਕੋਈ ਸੁਣਦਾ?... ...

"ਉਹ ਬਿਲਕੁਲ ਮੇਰੇ ਪਤੀ ਵਰਗੀ ਹੈ ਜਿਵੇਂ... ਹਾਏ! ਮੈਨੂੰ ਵੀ ਪਤੈ ਉਹ ਕਿੰਨਾ ਮੈਨੂੰ ਪਿਆਰ ਕਰਦਾ ਹੈ ਪਰ... ਮੇਰਾ ਖ਼ਿਆਲ ਹੈ ਇਹ ਉਸਦਾ ਕੰਮ ਵਿਚ ਵਧੇਰੇ ਰੁਝੇਵਾਂ ਹੋਣ ਕਰਕੇ ਹੀ ਹੈ... ਪਰ ਮੈਂ ਉਹਦੀਆਂ ਮਨਪਸੰਦ ਚੀਜ਼ਾਂ ਪਕਾਉਂਦੀ ਹਾਂ ਜਿਵੇਂ ਕਿ ਬਲੈਕ ਫ਼ਾਰੈਸਟ

ਫੇਰ ਉਹਦੀ ਨਜ਼ਰੋਂ ਬਚ ਸਰਪਟਦੇ ਲੈਂਦੇ ਹਾਂ। ਪਰ ਕੁਝ ਦਿਨ ਹੋਏ ਉਹ ਕੰਮੋਂ ਛੇਤੀ ਘਰ ਆ ਗਿਆ, ਤੇ ਆ ਕੇ ਲੱਗਾ ਛੇਤੀ ਬੀਅਰ ਲੱਭਣ... ਤੈਨੂੰ ਪਤੈ ਉਹ ਆਪਣੀ ਹਰ ਵਾਰ ਤੇਰੇ ਤੋਂ ਸ਼ਰਾਬ ਤੇ ਬੀਅਰ ਆਪ ਖਰੀਦ ਕੇ ਲਿਆਉਂਦਾ ਹੈ, ਉਸ ਦਿਨ ਉਹਨੇ ਹੋਰ ਭਾਲ ਲਿਆ। ਮੈਂ ਤਾਂ ਕੀ ਖ਼ਰੀਦਦੀ ਸੀ ਬੀਅਰ? ਮੈਂ ਤਾਂ ਕਦੀ ਪੀਣੀ ਨਹੀਂ ਵੀ ਹਾਂ। ਤੇ ਫਿਰ ਬਸ... ਉਹ..."

— ਹਾਏ ਰੱਬਾ, ਕੀ ਜਾਣਾ ਵੀ ਉਸ ਔਰਤ ਵਰਗਾ ਹਾਲ ਹੋਏਗਾ... ਨਹੀਂ; ਨਹੀਂ, ਮੈਂ ਕਦੀ ਇੰਜ ਨਹੀਂ ਕਰਾਂਗੀ, ਮੈਂ ਇੰਜ ਨਹੀਂ ਕਰ ਸਕਦੀ... "ਹੋ ਸਕਦੈ, ਉਹ ਕੋਈ ਨਸ਼ਾ ਵਿਚ ਹੋਵੇ ਜਦੋਂ ਤੁਸੀਂ ਦੇਖਦੇ ਹੀ ਬਹੁਤ ਘੱਟ ਹੋਵੇ ਹੋਵੇ।"

"ਹਾਂ, ਹਾਂ ਇਹੀ ਗੱਲ ਸੀ; ਮੈਨੂੰ ਯਾਦ ਆ ਗਿਆ... ਉਸ ਦਾ ਬੜਾ ਆਕਾਉਂਟ ਵਿਚ ਰਹਿੰਦਿਆਂ ਸੀ ਉਸ ਵਿਚ ਸਫ਼ਰ ਉੱਤੇ ਦੌੜ ਵਿਚ। ਹਾਂ, ਹਾਂ, ਤੁਸੀਂ ਠੀਕ ਕਹਿੰਦੇ ਹੋ, ਉਹ ਉਸ ਵਿਚ ਬਹਿਕਿਆ ਹੋਇਆ ਸੀ... ਬੱਸ, ਮੇਰਾ ਖਿਆਲ ਹੈ ਮੈਨੂੰ ਹੀ ਗ਼ਲਤ ਲੱਗਿਆ ਹੋਵੇ।"

"ਨਹੀਂ, ਨਹੀਂ; ਯਾਦ ਕਰੋ ਤੁਸੀਂ ਵੀ ਉਸ ਵਿਚ ਕੰਮ ਹੋਏ ਸੋ... ਪਰ... ਮੈਨੂੰ ਤੁਹਾਡਾ ਜ਼ਰੂਰ ਸਾਥ ਚਾਹੀਦਾ ਹੈ। ਮੈਂ ਤਾਂ ਸਟੋਵ ਉੱਤੇ ਆਂਡੇ ਉਬਲਣੇ ਰੱਖ ਕੇ ਹੀ ਤੁਰ ਆਈ ਸਾਂ।"

"ਹਾਂ, ਮੈਂ ਚੰਗੀ ਔਰਤ! ਮੈਨੂੰ ਅਫ਼ਸੋਸ ਹੈ ਮੈਂ ਤੈਨੂੰ ਏਨੀ ਦੇਰ ਗੱਲੀਂ ਲਾਈ ਰੱਖਿਆ... ਪਰ ਇੰਜ ਕਿਸੇ ਨਾਲ ਗੱਲਾਂ ਕਰ ਕੇ ਚੰਗਾ ਲੱਗਿਆ ਸੁਖਦਾਈ ਹੁੰਦਾ ਹੈ।"

"ਜੀ, ਮੈਂ ਵੀ ਬਹੁਤ ਸ਼ੁਕਰ ਗੁਜ਼ਾਰ ਹਾਂ ਗੱਲਾਂ ਸੁਣ ਕੇ। ਚੰਗਾ ਫਿਰ, ਬਾਏ।"

ਸਿੰਘ, ਦੁੱਧ ਅਤੇ ਅਖ਼ਬਾਰ ਲੈ ਕੇ ਫ਼ਲੈਟ ਵਿਚ ਆਈ ਘਰ ਦੇ ਤੁਰ ਪੌੜੀ ਚੜ੍ਹੀ। ਘਰ ਦੇ ਅੰਦਰ ਦਾਖ਼ਲ ਹੁੰਦਿਆਂ ਹੀ ਆਪਣੇ ਪਤੀ ਜਿਹਰਤ ਨੂੰ ਘਰ ਆਇਆ ਦੇਖ ਕੇ ਪੁੱਛਦੀ ਹੈ:

"ਹਾਏ, ਜਿਹਰਤ, ਤੂੰ ਕਦੋਂ ਦਾ ਆਇਆ ਹੋਇਐਂ?"

"ਹੋ ਵੀ ਗਈ ਐ ਕਾਫ਼ੀ ਦੇਰ। ਪਰ ਤੂੰ ਅੱਜ ਦੇਰ ਕਿਵੇਂ ਲਾ ਦਿੱਤੀ?"

"ਸਟੋਰ ਗਈ ਸਾਂ ਕੁਝ ਸੌਦਾ ਪੱਤਾ ਲੈਣ।"

"ਪਰ ਤੈਨੂੰ ਅੱਜ ਦੇਰ ਕਿਉਂ ਲੱਗ ਗਈ।"

"ਸਟੋਰ ਵਿਚ ਇਕ ਔਰਤ ਮੇਰੇ ਨਾਲ ਦੁੱਖ ਸੁਖ ਸਾਂਝਾ ਕਰਨ ਲੱਗ ਪਈ, ਵਿਚਾਰੀ! ਉਸ ਨੂੰ ਜਿਹਰਾ ਨਹੀਂ ਸੀ ਲਭਦਾ ਕਿਤੋਂ। ਸ਼ਾਇਦ ਜ਼ਿੰਦਗੀ ਦਾ ਫ਼ਾਇਦਾ ਕੁਝ ਜ਼ਿਆਦਾ ਹੀ ਖ਼ਰਾਬ ਸੀ।"

o o o

---

ਸਫ਼ਾ 18 ਦੀ ਬਾਕੀ—

-ਇਸ ਵਿੱਚ ਵੀ ਤੁਸੀਂ ਹਾਲਾਤਾਂ ਵਿੱਚ ਕੰਮ ਕਰਨ ਵਾਲੀਆਂ ਔਰਤਾਂ ਦੇ ਹੜਤਾਲ ਕਰਨ ਦੀ ਪਹਿਲ ਕੀਤੀ ਹੈ। ਜਿਹੜੀ ਕਿ ਭਾਰਤੀਆਂ ਲਈ ਹੀ ਨਹੀਂ ਸਗੋਂ ਸਮੁੱਚੀ ਮਜ਼ਦੂਰ ਜਮਾਤ ਲਈ ਵੀ ਮਾਣ ਵਾਲੀ ਗੱਲ ਹੈ। ਇਸ ਇਤਿਹਾਸਕ ਘੋਲ ਲਈ ਤੁਹਾਨੂੰ ਕਮਿਊਨਿਟੀ (ਇਕੱਲੀ ਭਾਰਤੀ ਕਮਿਊਨਿਟੀ ਹੀ ਨਹੀਂ) ਵਿਚੋਂ ਕਿੰਨੀ ਕੁ ਮੱਦਦ ਤੇ ਹਮਾਇਤ ਮਿਲੀ ਹੈ?

ਦੂਜੀ : ਸਾਨੂੰ ਬਾਹਰੋਂ ਬਹੁਤ ਮੱਦਦ ਮਿਲ ਰਹੀ ਹੈ। ਜਿਵੇਂ ਹੁਣ ਪਿਕਟ ਤੇ ਵੀ ਅਸੀਂ ਇਕੱਲੀਆਂ ਕੁੜੀਆਂ ਤੀਵੀਆਂ- ਹਰ ਸ਼ਿਫਟ ਵਿੱਚ ਸਾਡੇ ਨਾਲ ਦੋ ਜਾਂ ਤਿੰਨ ਜਾਂ ਜਿੰਨੇਂ ਵੀ ਵੱਧ ਤੋਂ ਵੱਧ ਆਦਮੀ ਆ ਸਕਦੇ ਆ, ਉਹ ਆਉਂਦੇ ਆ। ਇਹ ਬੰਦੇ ਯੂਨੀਅਨ ਵਾਲੇ ਵੀ ਤੇ ਯੂਨੀਅਨ ਤੋਂ ਬਾਹਰੋਂ ਵੀ ਸਾਡੀ ਸਪੋਰਟ ਲਈ ਆਉਂਦੇ ਹਨ।

ਪਹਿਲੀ : ਇਹਦੇ ਵਿੱਚ ਇਕੱਲੀ ਸਾਡੀ ਕਮਿਊਨਿਟੀ ਦੀ ਨਹੀਂ ਬਈ ਮਤਲਬ ਸਾਰੀ ਕਮਿਊਨਿਟੀ ਦੇ ਈ ਆਉਂਦੇ ਆਂ। ਸਾਡੀ 'ਸਟਰੱਗਲ' ਨੂੰ ਸਾਰੇ ਚੰਗੀ ਤਰ੍ਹਾਂ ਸਮਝਦੇ ਆ। ਇਹਦੇ ਨਾਲ ਸਾਨੂੰ ਥੋੜਾ ਉਤਸ਼ਾਹ ਮਿਲ ਜਾਂਦਾ ਹੈ ਤੇ ਹੌਂਸਲੇ ਵੱਧਦੇ ਹਨ। ਅਸੀਂ ਬਹੁਤ ਖੁਸ਼ ਹੁੰਦੇ ਆਂ ਜਦੋਂ ਬਾਹਰੋਂ 'ਸੁਪੋਰਟਰ' ਆਉਂਦੇ ਆ।

? : ਕਮਿਊਨਿਟੀ ਵੱਲੋਂ ਤੁਸੀਂ ਹੋਰ ਕਿਸ ਕਿਸਮ ਦੀ ਮੱਦਦ ਦੀ ਆਸ ਰਖਦੀਆਂ ਹੋ?

ਦੂਜੀ : ਸਾਨੂੰ ਜਿਹੋ ਜਿਹੀ ਹੁਣ ਸਪੋਰਟ ਮਿਲਦੀ ਆ ਉਹ ਸਾਡੇ ਨਾਲ ਆ ਕੇ ਖੜ੍ਹਦੇ ਆ। ਅਸੀਂ ਇਹੋ ਚਾਹੁੰਦੇ ਆਂ ਬਈ ਸਾਨੂੰ ਇਸੇ ਤਰ੍ਹਾਂ ਦੀ ਸਪੋਰਟ ਮਿਲਦੀ ਰਹੇ ਤਾਂ ਕਿ ਅਸੀਂ ਆਪਣੀ ਸਟਰੱਗਲ ਨੂੰ ਜਾਰੀ ਰੱਖੀਏ।

o o o

# ਪੰਜਾਬੀ ਲਿਟਰੇਰੀ ਐਸੋਸੀਏਸ਼ਨ·

PUNJABI LITERARY ASSOCIATION • P.O. BOX 67744 • VANCOUVER, B.C., CANADA V5W 3V2

ਪੰਜਾਬੀ ਲਿਟਰੇਰੀ ਐਸੋਸੀਏਸ਼ਨ ਵੈਨਕੂਵਰ ਦੀ ਇਕ ਜੂਨ ਦੀ ਮੀਟਿੰਗ ਸਭਾ ਦੇ ਪਿਛਲੇ ਸਕੱਤਰ ਸੁਖਵੰਤ ਹੁੰਦਲ ਦੇ ਘਰ ਹੋਈ। ਇਸ ਵਿੱਚ ਵੀਹ ਦੇ ਕਰੀਬ ਲੇਖਕਾਂ ਅਤੇ ਸਾਹਿਤ ਪ੍ਰੇਮੀਆਂ ਨੇ ਭਾਗ ਲਿਆ।

ਵੈਨਕੂਵਰ ਦੇ ਮੈਂਬਰਾਂ ਤੋਂ ਬਿਨਾਂ ਇਸ ਵਾਰ ਫੋਰਟ ਨੈਲਸਨ (ਬੀ.ਸੀ.) ਦੀ ਸਭਾ ਦੇ ਮੈਂਬਰ ਕੈਨੇਡੀਅਨ ਪੰਜਾਬੀ ਕਵੀ ਦਰਸ਼ਨ ਗਿੱਲ ਨੇ ਵੀ ਇਸ ਵਿੱਚ ਭਾਗ ਲਿਆ।

ਸਭ ਤੋਂ ਪਹਿਲਾਂ ਦਰਸ਼ਨ ਗਿੱਲ ਨੇ ਆਪਣੀ ਟਿੱਪਣੀਆਂ ਵਿੱਚ ਲਾਇ-ਬ੍ਰੇਰੀਆਂ ਦੇ ਇੰਚਾਰਜ ਵਜ਼ੀਰ ਨਾਲ ਹੋਈ ਗੱਲ-ਬਾਤ ਦਾ ਜ਼ਿਕਰ ਕਰਦਿਆਂ ਦੱਸਿਆ ਕਿ ਉਨ੍ਹਾਂ ਬੀ.ਸੀ. ਦੀਆਂ ਲਾਇਬ੍ਰੇਰੀਆਂ ਵਿੱਚ ਪੰਜਾਬੀ ਪੁਸਤਕਾਂ ਦੀ ਅਣਹੋਂਦ ਦੇ ਮਸਲੇ ਵੱਲ ਵਜ਼ੀਰ ਦਾ ਧਿਆਨ ਦਿਵਾਇਆ ਹੈ।

ਇਸ ਗੱਲ ਨਾਲ ਸਾਰੇ ਹੀ ਸਾਹਿਤਕਾਰ ਸਹਿਮਤ ਸਨ ਕਿ ਮੁੱਖ ਸਮੱਸਿਆ ਲੱਚਰ ਸਾਹਿਤ ਨੂੰ ਲਾਇਬ੍ਰੇਰੀਆਂ 'ਚੋਂ ਬਾਹਰ ਰੱਖਣਾ ਅਤੇ ਚੰਗੀਆਂ ਪੁਸਤਕਾਂ ਲਾਇਬ੍ਰੇਰੀਆਂ ਵਿੱਚ ਮੰਗਾਉਣ ਦਾ ਹੈ।

ਇਸ ਪਿੱਛੋਂ ਸਰਨੈਲ ਸਿੰਘ ਨੇ ਆਪਣਾ ਨਵਾਂ ਆਰਟੀਕਲ "ਲਾਤੀਨੀ ਅਮਰੀਕਾ ਵਿੱਚ ਚੇ ਗਵੇਰਾ ਦੀ ਵਾਪਸੀ" ਸੁਣਾਇਆ ਜੋ ਕਾਫੀ ਸੰਗਤ ਪਸੰਦ ਕੀਤਾ।

ਦਰਸ਼ਨ ਗਿੱਲ ਨੇ ਆਪਣੀਆਂ ਅੱਧੀ ਦਰਜਨ ਦੇ ਕਰੀਬ ਨਵੀਆਂ ਕ-ਵਿਤਾਵਾਂ ਸੁਣਾਈਆਂ। ਲਗ ਭਗ ਸਾਰੀਆਂ ਕਵਿਤਾਵਾਂ ਵਿੱਚ ਦਰਸ਼ਨ ਆਪਣੀ ਵਿਅੰਗਕਾਰੀ ਕਲਾ ਰਾਹੀਂ ਕਨੇਡੀ-ਅਨ ਪੰਜਾਬੀ ਕਵਿਤਾ ਵਿੱਚ ਭਾਰਤ ਦੇ ਅਸਤਿਤਵਵਾਦ ਅਤੇ ਇਕਾਂਗੀ ਦੇਣ ਤੇ ਸ਼ੈਲਸ ਦੇ ਅੰਦਰ ਪੰਜਾਬੀ ਪ੍ਰਵਾ-ਸੀਆਂ ਤੇ ਸ਼ਬਦਸਤ ਵਿਅੰਗ ਕੱਸਿਆ। ਦਰਸ਼ਨ ਨੇ ਇਹ ਵੀ ਕਿਹਾ ਕਿ ਅਜਿਹੇ ਪੰਜਾਬੀ ਸਿਆਣੀ ਨਕਲਚੀ ਹਨ, ਅਤੇ 'ਸੰਜੀਦਗੀ ਤਥਾ ਬੁੱਧੀਜੀਵਕ ਚੇਤੰਨਤਾ' ਦੇ ਫੋਕੀ ਪਰਚਾਰ ਤੇ ਨਾਹਰੇ ਲਾਂਦੀ ਹੀ ਕਵੀ ਦੇ ਤੌਰ ਤੇ ਜੀਣਾ ਚਾਹੁੰਦੇ ਹਨ। ਇਹ ਕਾਵਿ ਅਭਿਆਸਕਾਰੀ ਨਵੀਂ ਦੇਣ ਦੇ ਸਬਬ ਤੋਂ ਅਸਮਰਥ ਹਨ। ਲਗ ਭਗ ਸਾਰੇ ਸਾਹਿੱਤ-ਕਾਰ ਦਰਸ਼ਨ ਦੀ ਇਸ ਗੱਲ-ਨਾਲ ਸਹਿਮਤ ਸਨ।

ਗੁਰਚਰਨ ਰਾਮਪੁਰੀ ਆਪਣੀ ਇੱਕ ਨਵੀਂ ਕਵਿਤਾ ਸੁਣਾਈ ਜੋ ਕਾਫੀ ਪਸੰਦ ਕੀਤੀ ਗਈ।

ਦਰਸ਼ਨ ਚੈਂਸ ਨੇ ਆਪਣਾ ਟੀ.ਵੀ. ਨਾਟਕ ਪੜ੍ਹਿਆ ਜਿਸ ਸਬੰਧੀ ਕਈ ਸੁਝਾ ਦਿੱਤੇ ਗਏ।

ਸਮੇਂ ਦੀ ਥੁੜ੍ਹ ਕਾਰਨ ਬਹੁਤ ਸਾਰੀਆਂ ਨਵੀਆਂ ਰਚਨਾਵਾਂ ਪੜ੍ਹੀਆਂ ਨਾ ਜਾ ਸਕੀਆਂ ਜਿਸ ਲਈ ਛੇਤੀ ਹੀ ਇਕ ਹੋਰ ਮੀਟਿੰਗ ਬੁਲਾਈ ਜਾ ਰਹੀ ਹੈ। o o o

ਜੇਕਰ ਤੁਹਾਨੂੰ ਸਾਹਿਤ ਰਚਨ, ਪੜ੍ਹਨ ਜਾਂ ਸੁਣਨ ਦਾ ਸ਼ੌਕ ਹੈ ਜਾਂ ਆਪਣਾ ਰਚਤ ਸਾਹਿਤ ਹੋਰ ਸਾਹਿਤਕਾਰਾਂ ਨਾਲ ਸਾਂਝਾ ਕਰਨਾ ਚਾਹੁੰਦੇ ਹੋ ਤਾਂ ਸਾਨੂੰ ਹੇਠ ਲਿਖੇ ਨੰਬਰ ਤੇ ਫੂਨ ਕਰੋ ਤਾਂ ਜੋ ਪੰਜਾਬੀ ਲਿਟਰੇਰੀ ਐਸੋਸੀਏਸ਼ਨ ਦੀ ਅਗਲੀ ਮੀਟਿੰਗ ਸਬੰਧੀ ਤੁਹਾਨੂੰ ਸੂਚਿਤ ਕੀਤਾ ਜਾ ਸਕੇ:

ਫੋਨ:- 950-3734

ਕੁਲਵੰਤ ਸਰੋਆ ਸਕੱਤਰ ਪੰਜਾਬੀ ਲਿਟਰੇਰੀ ਐਸੋਸੀਏਸ਼ਨ





ਵਤਨੋਂ ਦੂਰ
P.O. BOX 67681 STN. "O"
VANCOUVER, B.C. V5W 3V2

ਸ੍ਰੀ ਮਾਨ ਜੀ

* ਮੈਂ ਛੇ ਡਾਲਰ ਭੇਜ ਰਿਹਾ ਹਾਂ। ਕਿਰਪਾ ਕਰਕੇ ਹੇਠ ਲਿਖੇ ਪਤੇ ਤੇ ਇਕ ਸਾਲ ਲਈ ਵਤਨੋਂ ਦੂਰ ਜਾਰੀ ਕਰ ਦਿਓ।
* ਮੈਂ ਨੌਂ ਡਾਲਰ ਭੇਜ ਰਿਹਾ ਹਾਂ। ਕਿਰਪਾ ਕਰਕੇ ਉਤਰੀ ਅਮਰੀਕਾ ਤੋਂ ਬਾਹਰ ਮੇਰੇ ਸਨੇਹੀ ਨੂੰ ਇਕ ਸਾਲ ਲਈ ਵਤਨੋਂ ਦੂਰ ਜਾਰੀ ਕਰ ਦਿਓ।

\- - - - - - - - - - -
\- - - - - - - - - - -
\- - - - - - - - - - -

## ਜਦੋਂ ਤੁਹਾਡਾ ਪਤਾ ਬਦਲੇ

ਕਿਰਪਾ ਕਰਕੇ ਆਪਣਾ:
i) ਨਵਾਂ ਪਤਾ
ii) ਜ਼ਿੱਪ ਨੰਬਰ
iii) ਪੋਸਟਲ ਕੋਡ ਨੰਬਰ
iv) ਟੈਲੀਫੋਨ ਨੰਬਰ
ਸਾਨੂੰ ਭੇਜੋ।

Western Canada's Sole Distributors for
**ESQUIRE** Video Cassettes

# Goyal Import–Export Ltd

**PROUDLY ANNOUNCE THE ARRIVAL OF NEW MOVIES**

LONG AWAITED PUNJABI FILM. MEHAR MITTAL RAJINDER NATH WITH MANOJ KUMAR AS

JAT PUNJABI

ASHOK KUMAR JETENDRA HEMA MALINI IN

JYOTI

SUNIL DUTT'S

ROCKY

WITH :- SUNIL DUTT, SANJAY DUTT, TINA MUNIM, RAKHI RENA ROY, RANJIT, AMJAD KHAN

G.P. SIPPY'S

SHAAN

* AMITABH BACHAN, SHASHI-KAPOOR, SHATRUGHAN SINHA, PARVEEN BABI, BINDIYA GO-SWAMI, SUNIL DUTT etc.

EXCELLENT VIDEO MACHINE PRICES

TOSHIBA'S

V- 8000 (1981 model)
NOW - $ 1170-00
WITH ONE FREE MOVIE.

RCA's VET 650
JUST — 1375

ALSO :- ADALAT, PARVIRISH, PROF. PYARELAL, MUGHLE-AZAM. etc.

MAIL ORDERS ACCEPTED

CONTACT US AT:-
4156 FRASER ST. VANCOUVER
**PH: 873-8308 & 9**



# ਕਿੰਨੂ

ਸੰਪਾਦਕ :
ਸੀ. ਮਾਰਕੰਡਾ

ਸਲਾਹਕਾਰ :
ਹਰਭਜਨ ਹਲਵਾਰਵੀ
ਜੋਗਿੰਦਰ ਸਿੰਘ ਨਿਰਾਲਾ
ਜਗੀਰ ਸਿੰਘ ਜਗਤਾਰ

ਵਿਦੇਸ਼ ਪ੍ਰਤੀਨਿਧ :
ਸੁਰਿੰਦਰ ਧੰਜਲ

ਅਗਾਂਹ-ਵਧੂ ਮਾਸਕ ਕਿੰਨੂ ਜੋ ਕੁਝ ਦੇਰ ਤੋਂ ਛਪਣਾ ਬੰਦ ਹੋ ਚੁੱਕਾ ਸੀ ਹੁਣ ਅਪ੍ਰੈਲ 1981 ਤੋਂ ਦੁਬਾਰਾ ਸ਼ੁਰੂ ਕੀਤਾ ਗਿਆ ਹੈ।

ਸਲਾਨਾ ਚੰਦਾ : 12 ਡਾਲਰ

ਭੇਜਣ ਦਾ ਪਤਾ :


| | |
|---|---|
| ਸੰਪਾਦਕ ਕਿੰਨੂ | ਸੁਰਿੰਦਰ ਧੰਜਲ |
| | DESIGN MANAGER |
| ਤਪਾ (ਸੰਗਰੂਰ) | PROCTOR & GAMBLE CELLULOSE LTD. |
| ਪੰਜਾਬ - INDIA | GRANDE PRAIRIE, ALBERTA, T8V 3A9 |



**If you are looking for**
* Quality [redacted]
* Quality
* Price
* After sale service when buying your car contact

**Kuldip S. Jhand**

ਕਿਸੇ ਪਰਕਾਰ ਦੀ ਕਾਰ ਖ਼ਰੀਦਣੀ ਜਾਂ ਟਰੇਡ ਕਰਨੀ ਹੋਵੇ ਤਾਂ ਖ਼ਰੀਦਣ ਤੋਂ ਪਹਿਲਾਂ ਕੁਲਦੀਪ ਝੰਡ ਨੂੰ ਮਿਲੋ ਜਾਂ ਫ਼ੂਨ ਕਰੋ



Office
**521-7731**
Res. 524-4137

**WESTMINSTER CHEVROLET-OLDSMOBILE**
12 th Ave. at Queens Ave
New West Minster


**ਪੁਰਸਕਾਰ ਤੇ ਸਨਮਾਨ :** ਪੰਜਾਬ ਸਾਹਿਤ ਅਕਾਦਮੀ ਨੇ ਵਰਿਆਮ ਸੰਧੂ ਦੇ ਕਹਾਣੀ ਸੰਗ੍ਰਹਿ 'ਅੰਗ ਸੰਗ', ਅਜਮੇਰ ਔਲਖ ਦੇ ਨਾਟਕਾਂ ਦੀ ਪੁਸਤਕ 'ਅਰਬਦ ਨਰਬਦ ਧੁੰਦੂਕਾਰਾ', ਸੁਰਜੀਤ ਪਾਤਰ ਦੇ ਗ਼ਜ਼ਲ ਸੰਗ੍ਰਹਿ 'ਹਵਾ ਵਿਚ ਲਿਖੇ ਹਰਫ਼', ਵਣਜਾਰਾ ਬੇਦੀ ਦੀ ਗਦ ਪੁਸਤਕ 'ਅੱਧੀ ਮਿੱਟੀ ਅੱਧਾ ਸੋਨਾ' ਅਤੇ ਕੁਮਾਰ ਵਿਕਲ ਦੇ ਹਿੰਦੀ ਕਾਵਿ ਸੰਗ੍ਰਹਿ 'ਏਕ ਛੋਟੀ ਸੀ ਲੜਾਈ' ਨੂੰ ਪੁਰਸਕਾਰ ਦਿਤਾ ਹੈ। ਪੰਜਾਬ ਕਲਾ ਪਰਿਸ਼ਦ ਨੇ ਸਰਬ ਸ੍ਰੀ ਕੁਲਵੰਤ ਸਿੰਘ ਵਿਰਕ, ਸੁਰਿੰਦਰ ਸਿੰਘ ਨਰੂਲਾ ਅਤੇ ਰਵਿੰਦਰ ਰਵੀ ਨੂੰ ਉਹਨਾਂ ਦੀ ਸਮੁੱਚੀ ਸਾਹਿਤਕ ਪ੍ਰਾਪਤੀ ਲਈ ਸਨਮਾਨਿਆ ਹੈ। ਅਸੀਂ ਇਹਨਾਂ ਪੁਰਸਕਾਰਾਂ ਤੇ ਸਨਮਾਨਾਂ ਦਾ ਸੁਆਗਤ ਕਰਦੇ ਹੋਏ ਸੰਬੰਧਿਤ ਸਾਹਿਤਕਾਰਾਂ ਨੂੰ ਨਿੱਘੀ ਮੁਬਾਰਕਬਾਦ ਦਿੰਦੇ ਹਾਂ।

– [illegible]

# *Elite Tailors*

ਈਲਾਈਟ ਟੇਲਰਜ਼

4219 Main St. at 26th. 872-2276

**Good selection of men's suits, Jackets, Regular and wide-bottom pants, shoes, ties and belts**

ALSO

**Ladies suits, jackets Regular & wide-bottom pants and tops**

*ALSO AVAILABLE UNIFORMS FOR SOCCER, FIELD HOCKEY, BASEBALL & FOOTBALL.*

ਦੁਕਾਨ ਵਿਚ ਜਾਂ ਫੂਨ ਕਰੋ

**ELITE TAILORS**
**4219 MAIN STREET**
**PHONE: 872-2276**

VISA

master charge

* MAIL ORDERS ACCEPTED *

FOR YOUR INSURANCE NEEDS:

SUCH AS —

* **AUTO INSURANCE**
* **BUSINESS**
* **COMMERCIAL**
* **HOME OWNERS**
* **TRAVEL INSURANCE**



*BALDEV SANGRA*

PH. 321 - 6557

*(604) 687-7711*

*PAGER: 7648*

Autoplan

ਹਰ ਪਕਾਰ ਦੇ ਬੀਮੇ ਜਿਵੇਂ ਕਾਰ,ਟ੍ਰੱਕ,
ਮਕਾਨ ਅਤੇ ਕੈਂਪਰ ਆਦਿ ਲਈ ਸ਼ਾਡੀਆਂ
ਸੇਵਾਵਾਂ ਹਾਜ਼ਰ ਹਨ।

BENNET — SANGHRA

INSURANCE AGENCY LTD.

6553 VICTORIA DR.

VAN. B.C.

**If you are looking for**

***Quality** [redacted]

*** Quality** [redacted]

*** Price** [redacted]

*** After sale service when buying your car contact**

**KELLY SINGH NAGI**

ਕਿਸੇ ਪ੍ਰਕਾਰ ਦੀ ਕਾਰ ਖ਼ਰੀਦਣੀ
ਜਾਂ ਟਰੇਡ ਕਰਨੀ ਹੋਵੇ ਤਾਂ
ਖ਼ਰੀਦ ਤੋਂ ਪਹਿਲਾਂ
ਕੈਲੀ ਸਿੰਘ ਨਾਗੀ
ਨੂੰ ਮਿਲੋ ਜਾਂ ਫੋਨ ਕਰੋ।



**Office**

**521-7731**

RES. 526-6959

**WESTMINSTER CHEVROLET-OLDSMOBILE**

**12 th Ave. at Queens Ave**

**New West Minster**

**GOYAL TRAVEL**

**4152 Fraser St.**
**Vancouver, B.C.**
**Tel:**
**[604] 872-7658**

*WE OFFER THE CHEAPEST FARES TO*

**. India . Pakistan .**

**. Nairobi . Dareselam .**

*SPECIAL FARES FROM SEATTLE TO LONDON-*
*One way or Return*

**4 Offices in India to serve you:**

**New Delhi . Jullundur**

**. Moga Jagroan .**

 ਸਫ਼ਾ 32 ਦੀ ਬਾਕੀ—

ਇਹ ਕੁਝ ਕੁ ਹੀ ਉਪਰ ਲਿਖੀਆਂ ਘਟਨਾਵਾਂ ਹਨ। ਕੁੱਝ ਅਖਬਾਰਾਂ ਰਾਹੀਂ ਅਤੇ ਕੁਝ ਲੋਕ ਵੰਦ ਕਥਾ ਰਾਹੀਂ, ਲੋਕਾਂ ਤੱਕ ਪੁੱਜ ਚੁੱਕੀਆਂ ਹਨ। ਜਿਥੇ ਵੀ ਚਾਰ ਛੇ ਜੁੜਦੇ ਹਨ ਉਥੇ ਇਨ੍ਹਾਂ ਅਤੇ ਅਜਿਹੀਆਂ ਹੋਰ ਵਾਰਦਾਤਾਂ ਦਾ ਜ਼ਿਕਰ ਤੁਰਦਾ ਹੈ। ਕੁਝ ਸਮਾਂ ਲਈ ਇਹ ਵਾਰਦਾਤਾਂ ਜਨ-ਸਧਾਰਨ ਦਿਮਾਗ ਨੂੰ ਸੁੰਨ ਜਿਹੀ ਕਰਦੀਆਂ ਹਨ ਤੇ ਫਿਰ ਇਥੋਂ ਦੀ ਤੇਜ਼ ਰਫ਼ਤਾਰ ਜ਼ਿੰਦਗੀ ਵਿੱਚ ਖੁਰਦ-ਬੁਰਦ ਹੋ ਜਾਂਦੀਆਂ ਹਨ।

ਅਜਿਹੀਆਂ ਅਨੇਕਾਂ ਹੀ ਘਟਨਾਵਾਂ ਪਹਿਲਾਂ ਵੀ ਵਾਪਰ ਚੁੱਕੀਆਂ ਹਨ। ਜੇਕਰ ਇਨ੍ਹਾਂ ਵੱਲ ਲੋੜੀਂਦਾ ਧਿਆਨ ਨਾ ਦਿੱਤਾ ਗਿਆ ਤਾਂ ਇਨ੍ਹਾਂ ਦੇ ਵਾਧੇ ਦੀ ਹੀ ਸੰਭਾਵਨਾ ਹੈ। ਆਖਿਰ ਇਨ੍ਹਾਂ ਘਟਨਾਵਾਂ ਕਾਰਨ ਕੀ ਹੈ?

ਕਾਮੇ ਵਰਗ ਦਾ ਦ੍ਰਿਸ਼ਟਾਂਤ ਹੈ (ਭਾਵੇਂ ਉਹ ਕੁਝ ਕੁ ਏਕੜਾਂ ਜਾਂ ਛੋਟੀ ਮੋਟੀ ਜਾਇਦਾਦ ਦਾ ਮਾਲਕ ਹੀ ਕਿਉਂ ਨਾ ਹੋਵੇ) ਜਦ ਉਸਨੂੰ ਆਪਣੇ ਪੁਰਖਿਆਂ ਦੀ ਜ਼ਮੀਨ 'ਤੇ ਭਵਿੱਖ ਵਿੱਚ ਗੁਜ਼ਾਰਾ ਕਰਨਾ ਅਸੰਭਵ ਨਜ਼ਰ ਆਉਂਦਾ ਹੈ ਤਾਂ ਉਹ ਕਿਸੇ ਹੋਰ ਥਾਂ, ਕਿਸੇ ਅਣਡਿੱਠੇ ਦੇਸ਼ ਵਿੱਚ ਵੀ ਕੰਮ ਕਰਨ ਤੋਂ ਝਿਜਕਦਾ ਨਹੀਂ। ਉਸਨੂੰ ਆਪਣੀ ਮਿਹਨਤ ਤੇ ਯਕੀਨ ਹੁੰਦਾ ਹੈ ਕਿ ਅਸੀਂ ਭਵਿੱਖ ਰੌਸ਼ਨ ਕਰ ਲੈਣਾ ਹੈ ਅਤੇ ਮੁੜ ਫੇਰ ਨਾਲ ਆਪਣੇ ਪੁਰਖਿਆਂ ਦੀ ਧਰਤੀ 'ਤੇ ਬਸਰ ਕਰਾਂਗੇ। ਇਸ ਭਾਵਨਾ ਅਧੀਨ ਹੀ, ਅਸੀਂ ਹੀ ਨਹੀਂ, ਹੋਰ ਵੀ ਬਹੁਤ ਸਾਰੇ ਦੇਸ਼ਾਂ ਦੇ ਮਜ਼ਦੂਰ ਇਕ ਤੋਂ ਦੂਜੇ ਮੁਲਕ ਆਉਂਦੇ ਜਾਂਦੇ ਰਹਿੰਦੇ ਹਨ। ਵੱਖ ਵਖਰੇ ਦੇਸ਼ ਆਪਣੀ ਲੋੜ ਮੁਤਾਬਕ ਕਿ ਉਨ੍ਹਾਂ ਨੂੰ ਕਿੰਨਾ ਕਿਹਾ ਕਾਮਾ ਵਰਗ ਚਾਹੀਦਾ। ਉਸਨੂੰ ਇਜਾਜ਼ਤ ਦਿੰਦੇ ਹਨ।

ਇਥੋਂ ਦੀ ਇਮੀਗ੍ਰੇਸ਼ਨ ਨੇ ਸਮੇਂ ਸਮੇਂ ਆਪਣੇ ਕਨੂੰਨ ਬਦਲੇ ਅਤੇ ਪੰਜਾਬੀਆਂ ਨੇ ਵੀ ਹੋਰ ਕੌਮਾਂ ਵਾਂਗ ਇਸਦਾ ਪੂਰਾ ਪੂਰਾ ਲਾਭ ਉਠਾਉਣ ਦੀ ਕੋਸ਼ਿਸ਼ ਕੀਤੀ ਹੈ। ਇਸ ਕਾਰਨ ਹੀ ਪਿਛਲੇ ਇਕ ਦਹਾਕੇ ਤੋਂ ਪੰਜਾਬੀਆਂ ਦੀ ਗਿਣਤੀ ਤੇਜ਼ੀ ਨਾਲ ਵਧੀ ਹੈ। ਇਸਦੇ ਨਾਲ ਹੀ ਉਨਾਂ ਦੀਆਂ ਪਰਿਵਾਰਕ ਮੁਸ਼ਕਲਾਂ ਅਤੇ ਉਲਝਣਾਂ ਵੀ ਵਧੀਆਂ ਹਨ। ਮਿਸਾਲ ਦੇ ਤੌਰ ਤੇ — ਜਦ ਇਕ ਪੂਰੇ ਦਾ ਪੂਰਾ ਪਰਿਵਾਰ ਕਨੇਡਾ ਆ ਜਾਂਦਾ ਹੈ ਤਾਂ ਉਸ ਦਾ ਇੱਕ-ਦੁੱਕਾ ਜਵਾਨ ਧੀ-ਪੁੱਤ ਨੂੰ ਇਮੀਗ੍ਰੇਸ਼ਨ ਦੀ ਮਿਥੀ ਉਮਰ ਤੋਂ ਉਪਰ ਹੋਣ ਕਾਰਨ, ਉਨ੍ਹਾਂ ਨਾਲ ਆਉਣ ਤੋਂ ਵਰਜ ਦਿੱਤਾ ਜਾਂਦਾ ਹੈ। ਇਸ ਤਰ੍ਹਾਂ ਇਥੇ ਆ ਚੁੱਕਾ ਪਰਿਵਾਰ, ਆਪਣੇ ਪਿਛੇ ਰਹਿ ਗਏ ਮੈਂਬਰ ਲਈ (ਜਾਂ ਉਸ ਨਜ਼ਦੀਕੀ ਲਈ ਜੋ ਉਨ੍ਹਾਂ ਲਈ ਬਹੁਤ ਅਹਿਮ ਹੋਵੇ।) ਹਰ ਸੰਭਵ ਅਸੰਭਵ, ਕੋਝਾ ਹੀਲਾ ਵਰਤਦਾ ਹੈ। ਬਹੁਤੀ ਵਾਰ ਇਨ੍ਹਾਂ ਹੀਲਿਆਂ ਦੇ ਸਿੱਟੇ ਭਿਆਨਕ ਨਿਕਲਦੇ ਹਨ ਅਤੇ ਕਈ ਵਾਰ ਅਤਿ ਭਿਆਨਕ। ਉਪਰ ਵਾਪਰ ਚੁੱਕੀਆਂ ਘਟਨਾਵਾਂ ਇਨ੍ਹਾਂ ਹੀਲਿਆਂ ਦੇ ਹੀ ਸਿੱਟੇ ਹਨ।

ਏਜੰਟ ਕਿਸਮ ਦਾ ਵਰਗ ਜੋ ਅਸਲ ਵਿੱਚ ਜਨ-ਸਧਾਰਨ ਨੂੰ ਖਿਚਕੇ ਰਾਹੀਂ ਤੋਰਦਾ ਹੈ ਅਤੇ ਆਮ ਆਦਮੀ ਨੂੰ ਮੁਸ਼ਕਲਾਂ ਵਿੱਚ ਫਸਾ ਕੇ, ਹਜ਼ਾਰਾਂ ਅਤੇ ਲੱਖਾਂ ਰੁਪਏ ਦੀ ਉਸ ਜਿਹੋ ਬਟੋਰਦਾ ਹੈ। ਸੱਭ ਤੋਂ ਪਹਿਲਾਂ ਕਸੂਰਵਾਰ ਉਸਨੂੰ ਠਹਿਰਾਉਣ ਦੀ ਥਾਂ, ਇਹ ਨਹੀਂ ਭੁਲਣਾ ਚਾਹੀਦਾ ਕਿ ਸਮੇਂ ਦੀ ਹਕੂਮਤ ਅਜਿਹੇ ਜਿਹੇ ਢੰਗ ਨਾਲ ਉਸ ਵਰਗ ਨੂੰ ਉਤਸ਼ਾਹਿਤ ਕਰਦੀ ਹੈ, ਨਹੀਂ ਤਾਂ ਉਸ ਵਰਗ ਦੀ ਕੀ ਜੁਰਅਤ ਹੈ ਕਿ ਉਹ ਅਜਿਹੇ ਕਦਮ ਪੁੱਟ ਜਾਏ। ਦੂਜੇ ਉਹ ਅਖੌਤੀ ਲੋਕ ਹਿਤੈਸ਼ੀ ਜਥੇਬੰਦੀਆਂ ਹਨ ਜੋ ਇਹ ਸਭ ਕੁੱਝ ਦੇਖਦਿਆਂ-ਸੁਣਦਿਆਂ ਹੋਇਆਂ ਵੀ ਅੰਨ੍ਹੀਆਂ-ਬੋਲੀਆਂ ਬਣੀ ਬੈਠੀਆਂ ਹਨ। ਉਹ ਲੋਕਾਂ ਨੂੰ ਇਕ ਮੁੱਠ ਕਰਕੇ, ਸਰਕਾਰ ਉਪਰ, ਇਮੀਗ੍ਰੇਸ਼ਨ ਉਪਰ ਦਬਾ ਪਾਉਣ ਦੀ ਥਾਂ, ਆਪਣੇ ਸੌੜੇ ਹਿੱਤਾਂ ਖਾਤਰ ਲੋਕਾਂ ਨੂੰ ਹੋਰਨੀਂ ਫ਼ਜ਼ੂਲ ਧਾਮੀਂ ਭੜਕਾਈ ਰੱਖਦੀਆਂ ਹਨ। ਲੋਕਾਂ ਦਾ ਫ਼ਰਜ਼ ਬਣਦਾ ਹੈ ਕਿ ਉਹ ਇਨ੍ਹਾਂ ਉਪਰ ਇਤਨਾਂ ਦਬਾਅ ਪਾਉਣ ਕਿ ਇਹ ਜਥੇਬੰਦੀਆਂ ਲੋਕਾਂ ਦੀਆਂ ਮੁਸ਼ਕਲਾਂ ਨੂੰ ਸਰਕਾਰ ਦੇ ਕੰਨਾਂ ਤੱਕ ਪਹੁੰਚਾ ਕੇ ਉਨਾਂ ਨੂੰ ਹੱਲ ਕਰਾਉਣ ਤੱਕ ਮਸ਼ਰੂਫ਼ ਹੋ ਜਾਣ, ਜਾਂ ਫਿਰ ਆਪਣੀਆਂ ਸਫਾਂ ਲਪੇਟ ਲੈਣ। ○ ○

# ਬਾਬੀਸੈਂਡਜ਼ ਤੇ ਸਾਥੀ

ਆਪਣੇ ਦੇਸ਼ ਨੂੰ ਕਿਸੇ ਬਾਹਰਲੀ ਤਾਕਤ ਦੇ ਜੂਲੇ ਤੋਂ ਅਜ਼ਾਦ ਕਰਾਉਣ ਵਾਸਤੇ ਲੜਾਈ ਇਕ ਸਿਆਸੀ ਲੜਾਈ ਹੀ ਹੋ ਸਕਦੀ ਹੈ ਤੇ ਇਸ ਲੜਾਈ ਵਿਚ ਮਰਨ ਵਾਲੇ ਜਾਂ ਜੇਲ੍ਹ ਹੋਣ ਵਾਲੇ ਸਿਆਸੀ ਕੈਦੀ ਹੀ ਹੋਣਗੇ। ਪਰ ਬ੍ਰਿਟਿਸ਼ ਸਰਕਾਰ ਉੱਤਰੀ ਆਇਰਲੈਂਡ ਵਿਚ ਇਸਦੇ ਖਿਲਾਫ਼ ਲੜ ਰਹੇ ਆਇਰਿਸ਼ ਦੇਸ਼ ਭਗਤਾਂ ਨੂੰ, ਜੋ ਜੇਲ੍ਹਾਂ 'ਚ ਪਏ ਹਨ ਸਿਆਸੀ ਕੈਦੀ ਮੰਨਣੋਂ ਇਨਕਾਰੀ ਰਹੀ ਹੈ। ਇਸੇ ਗੱਲ ਨੂੰ ਮੰਨਾਉਣ ਲਈ ਬਾਬੀ ਸੈਂਡ ਤੇ ਉਸ ਦੇ ਸਾਥੀਆਂ ਮਰਨ ਵਰਤ ਰੱਖੇ ਅਤੇ ਆਪਣੇ ਹੱਕਾਂ ਲਈ ਆਪਣੀਆਂ ਜਾਨਾਂ ਵਾਰ ਗਏ। ਤੇ ਹੋਰ ਪਤਾ ਨਹੀਂ ਕਿੰਨੇ ਇਸੇ ਰਾਹ ਤੁਰਨ। ਅਜ਼ਾਦੀ ਨੂੰ ਪਿਆਰਨ ਵਾਲਾ ਕੋਈ ਵੀ ਸ਼ਖਸ਼ ਇਹਨਾਂ ਦੇਸ਼ ਭਗਤਾਂ ਨੂੰ ਪ੍ਰਣਾਮ ਕੀਤੇ ਬਿਨਾਂ ਨਹੀਂ ਰਹਿ ਸਕਦਾ।

ਆਇਰਲੈਂਡ ਵਿਚ ਅਜ਼ਾਦੀ ਲਈ ਚੱਲ ਰਹੀ ਜਦੋ-ਜਹਿਦ ਕੋਈ ਨਵੀਂ ਨਹੀਂ। ਕੈਨੇਡਾ ਦੀਆਂ ਅਖਬਾਰਾਂ ਰੇਡੀਓ ਤੇ ਟੀ.ਵੀ. ਸਟੇਸ਼ਨ ਅਕਸਰ ਇਸ ਬਾਰੇ ਕੁੱਝ ਨਾ ਕੁੱਝ ਦਰਸਾਉਂਦੇ ਹੀ ਰਹਿੰਦੇ ਹਨ, ਪਰ ਇਹ ਮੀਡੀਆ ਆਪਣੀ ਵਿਕਰੀ ਵਧਾਉਣ ਦੇ ਨਜ਼ਰੀਏ ਤੋਂ ਖਬਰਾਂ ਨੂੰ ਬੜੀਆਂ ਸਨਸਨੀਖੇਜ਼ ਬਣਾ ਕੇ ਪੇਸ਼ ਕਰਦਾ ਹੈ, ਇਸ ਮੰਤਵ ਲਈ ਇਹ ਮੀਡੀਆ ਧਰਮ ਦੇ ਤਸ਼ੱਦਦ ਨੂੰ ਇਸ ਤਰ੍ਹਾਂ ਉਭਾਰ ਕੇ ਦਿਖਾਉਂਦਾ ਹੈ ਕਿ ਜਦੋ-ਜਹਿਦ ਦਾ ਅਸਲੀ ਕਾਰਨ ਕਿਸੇ ਤੱਕ ਪਹੁੰਚਣ ਹੀ ਨਹੀਂ ਦਿੱਤਾ ਜਾਂਦਾ।

ਸੰਖੇਪ ਵਿਚ ਆਇਰਲੈਂਡ ਵਿਚ ਚਲ ਰਹੀ ਜਦੋ-ਜਹਿਦ ਦਾ ਕਾਰਨ ਕੁਝ ਇਸ ਤਰ੍ਹਾਂ ਦਾ ਹੈ, ਇਹ ਝਗੜਾ ਉਤਰੀ ਆਇਰਲੈਂਡ ਵਿਚ ਚੱਲ ਰਿਹਾ ਹੈ। ਸਤਾਰਵੀਂ ਸਦੀ ਵਿਚ ਬਹੁਤ ਸਾਰੇ ਇਸਾਈ ਜਿਹੜੇ ਪਰੋਟੈਸਟੈਂਟ ਸ਼ਾਖਾਂ ਨੂੰ ਮੰਨਦੇ ਸਨ ਬਾਹਰੋਂ ਆ ਕੇ ਉੱਤਰੀ ਆਇਰਲੈਂਡ ਦੇ ਅਲਸਟਰ ਇਲਾਕੇ ਵਿਚ ਰਹਿਣ ਲੱਗ ਪਏ। ਇਹਨਾਂ ਵਿਚ ਬਹੁਤੇ ਇੰਗਲਿਸ਼ ਤੇ ਸਕਾਟਿਸ਼ ਸਿਪਾਹੀ ਅਤੇ ਛੋਟੇ ਵਿਉਪਾਰੀ ਸਨ। ਇਸ ਇਲਾਕੇ ਵਿਚ ਪਹਿਲਾਂ ਰਹਿਣ ਵਾਲੇ ਸਾਰੇ ਲੋਕੀ ਇਸਾਈ ਧਰਮ ਦੀ ਕੈਥੋਲਿਕ ਸ਼ਾਖਾਂ ਨੂੰ ਮੰਨਦੇ ਸਨ। ਇਸ ਚਾਰ ਸੌ ਸਾਲ ਦੇ ਲੰਮੇ ਸਮੇਂ ਵਿਚ ਇਹ ਪਰੋਟੈਸਟੈਂਟ ਵੀ ਹੁਣ ਪੂਰੀ ਤਰ੍ਹਾਂ ਆਇਰਲੈਂਡ ਦੇ ਵਾਸੀ ਬਣ ਚੁੱਕੇ ਹਨ। ਪਰ ਬ੍ਰਿਟਿਸ਼ ਸਰਕਾਰ ਜਿਹਨੇ ਆਇਰਲੈਂਡ ਦੇ ਇਸ ਇਲਾਕੇ ਉਪਰ ਅਜੇ ਵੀ ਕਬਜ਼ਾ ਕੀਤਾ ਹੋਇਆ ਹੈ, ਨੇ ਇਹਨਾਂ ਦੋਹਾਂ 'ਧਰਮਾਂ' ਦੇ

ਲੋਕਾਂ ਨੂੰ ਹਮੇਸ਼ਾ ਆਪਸ ਵਿਚ ਪਾੜ ਕੇ ਰੱਖਿਆ ਹੈ। ਇਥੇ ਸਚ ਕਿ ਬਹੁ-ਗਿਣਤੀ ਕੈਥੋਲਿਕਸ ਦੀ ਹੈ, ਬ੍ਰਿਟਿਸ਼ ਸਰਕਾਰ ਦੀ ਮੱਦਦ ਨਾਲ ਘੱਟ-ਗਿਣਤੀ ਪ੍ਰੋਟੈਸਟੈਂਟ ਹਮੇਸ਼ਾਂ ਆਰਥਿਕ ਪੱਖੋਂ ਖੁਸ਼ਹਾਲ ਰਹੇ ਹਨ। ਬ੍ਰਿਟਿਸ਼ ਸਰਕਾਰ ਨੇ ਇਹਨਾਂ ਨੂੰ ਆਪਸ ਵਿਚ ਪਾੜੀ ਰੱਖਣ ਲਈ ਹਮੇਸ਼ਾਂ ਘੱਟ-ਗਿਣਤੀ ਪ੍ਰੋਟੈਸਟੈਂਟ ਦਾ ਪੱਖ ਲਿਆ ਹੈ ਅਤੇ ਕੈਥੋਲਿਕਸ ਨੂੰ ਹਰ ਤਰ੍ਹਾਂ ਦਬਾਅ ਕੇ ਰੱਖਿਆ ਹੈ। ਆਇਰਲੈਂਡ ਵਿਚ ਚੱਲ ਰਹੀ ਲੜਾਈ ਦਾ ਅਸਲੀ ਕਾਰਨ ਤੇ ਲੜਨ ਵਾਲਿਆਂ ਦਾ ਅਸਲੀ ਮੰਤਵ ਹੈ ਬ੍ਰਿਟਿਸ਼, ਜਿਹੜੀ ਕਿ ਇਕ ਬਾਹਰਲੀ ਤਾਕਤ ਹੈ, ਤੋਂ ਆਇਰਲੈਂਡ ਦੇ ਉੱਤਰੀ ਹਿੱਸੇ ਨੂੰ ਆਜ਼ਾਦ ਕਰਾਉਣਾ।

## ਖਾਲਿਸਤਾਨ

ਪਿਛਲੇ ਕੁੱਝ ਸਮੇਂ ਤੋਂ ਪੰਜਾਬ ਦੀਆਂ ਅਖਬਾਰਾਂ ਹੀ ਨਹੀਂ ਇਥੇ ਕੈਨੇਡਾ ਦੀਆਂ ਪੰਜਾਬੀ ਅਖਬਾਰਾਂ ਵੀ 'ਖਾਲਿਸਤਾਨ', 'ਸਿੱਖ ਇਕ ਕੌਮ ਹਨ', 'ਦੇਸ ਪੰਜਾਬ', ਆਦਿ ਵਿਸ਼ਿਆਂ ਬਾਰੇ ਖਬਰਾਂ ਤੇ ਵਿਚਾਰਾਂ ਨਾਲ ਭਰੀਆਂ ਦਿਸਦੀਆਂ ਹਨ। ਇਸ ਵਿਚ ਕੋਈ ਸ਼ੱਕ ਨਹੀਂ ਕਿ ਭਾਰਤ ਦੀ ਕੇਂਦਰੀ ਸਰਕਾਰ ਨੇ ਕਈ ਵਾਰ ਪੰਜਾਬ ਦੇ ਲੋਕਾਂ ਨਾਲ (ਜਿਹਨਾਂ ਵਿਚੋਂ ਬਹੁ-ਗਿਣਤੀ ਸਿੱਖਾਂ ਦੀ ਹੈ) ਵਧੀਕੀ ਕੀਤੀ ਹੈ। ਪਰ ਕੀ ਇਹ ਵਧੀਕੀ ਸਿਰਫ ਇਹਨਾਂ ਨਾਲ ਹੀ ਹੋਈ ਹੈ? ਕੀ ਜਿਸ ਸੂਬੇ ਵਿਚ ਸਿੱਖ ਨਹੀਂ ਉਸ ਸੂਬੇ ਦੇ ਲੋਕਾਂ ਨਾਲ ਕੋਈ ਵਧੀਕੀ ਨਹੀਂ ਹੋਈ। ਕੀ ਇਹ ਸੱਚ ਨਹੀਂ ਕਿ ਸਾਰੇ ਦੇਸ ਦੇ ਲੋਕ ਹੀ ਇਸ ਸਰਕਾਰ ਦੇ ਹੱਥੋਂ ਤੰਗ ਹਨ? ਤੇ ਕੀ ਇਹ ਵੀ ਸੱਚ ਨਹੀਂ ਕਿ ਸਾਰੇ ਦੇਸ ਦੇ ਲੋਕ ਹੀ ਮੌਜੂਦਾ ਸਿਸਟਮ ਦੇ ਨਿਜ਼ਾਮ ਨੂੰ ਬਦਲ ਕੇ ਇਹਦੀ ਜਗ੍ਹਾ ਇਸ ਤੋਂ ਚੰਗੇਰਾ ਨਿਜ਼ਾਮ ਕਾਇਮ ਕਰਨ ਲਈ ਕਿਸੇ ਸਾਂਝੇ ਰਾਹ ਦੀ ਤਲਾਸ਼ ਵਿਚ ਹਨ? ਜੇ ਇਹ ਗੱਲਾਂ ਠੀਕ ਹਨ ਤਾਂ ਫਿਰ ਖਾਲਿਸਤਾਨ ਦਾ ਨਾਅਰਾ ਕਿਸ ਪੱਖੋਂ ਠੀਕ ਹੈ? ਇਹ ਨਾਅਰਾ ਲਾਉਣ ਵਾਲੇ ਲੋਕਾਂ ਦੀ ਸੁਹਿਰਦਤਾ 'ਤੇ ਸ਼ੱਕ ਹੋਣਾ ਕੁਦਰਤੀ ਹੈ। ਤੇ ਹਰ ਕਿਸੇ ਨੂੰ ਇਹਨਾਂ ਦੀ ਸੁਹਿਰਦਤਾ 'ਤੇ ਸ਼ੱਕ ਹੈ। ਕੋਈ ਸ਼ਰੇਆਮ ਇਹਨਾਂ ਨੂੰ ਖੁਦ ਇੰਦਰਾ ਗਾਂਧੀ ਵਲੋਂ ਪੰਜਾਬ ਦੇ ਲੋਕਾਂ ਨੂੰ ਪਾੜਨ ਲਈ ਚੱਲੀ ਚਾਲ ਦਸਦਾ ਹੈ ਤੇ ਕੋਈ ਕੁੱਝ—। ਇਥੇ ਕੈਨੇਡਾ ਬੈਠਿਆਂ ਨੂੰ ਤਾਂ ਇਕ ਹੋਰ ਵੀ ਸ਼ੱਕ ਪੈਣ ਲੱਗਾ ਹੈ ਕਿ ਸ਼ਾਇਦ ਇਹਦੇ ਵਿਚ ਕੁਝ ਹੱਥ ਅਮੀਰ ਦੇਸ਼ਾਂ ਤੇ ਵਿਉ-ਪਾਰੀਆਂ ਦਾ ਹੋਵੇ, ਕਿਉਂਕਿ ਉਹਨਾਂ ਨੂੰ ਇਹਦੇ ਨਾਲ ਇਥੇ ਕੈਨੇਡਾ ਪਹੁੰਚਣ ਲਈ ਇਕ ਬੜਾ ਵਧੀਆ ਬਹਾਨਾ ਮਿਲ ਗਿਆ ਹੈ। ਪੰਜਾਬ ਵਿਚ ਚਲ ਰਹੀ ਇਸ ਗੱਲ ਬਾਤ ਦੇ ਫਲਸਰੂਪ ਪਿਛਲੇ ਕੁੱਝ ਸਮੇਂ ਵਿਚ ਕੈਨੇਡਾ ਸਰਕਾਰ ਵਲੋਂ ਸਿਆਸੀ ਸ਼ਰਨ ਲੈਣ ਵਾਲੇ ਲੋਕਾਂ ਦੀ ਗਿਣਤੀ ਪੰਜਾਬ ਵਿਚੋਂ ਅਚਾਨਕ ਬੜੇ ਨਾਟਕੀ ਤਰੀਕੇ ਨਾਲ ਵਧੀ ਹੈ।

ਇਹਨਾਂ ਸ਼ੱਕਾਂ ਵਿਚ ਕੋਈ ਸਚਾਈ ਹੈ ਜਾਂ ਨਹੀਂ ਇਸ ਗੱਲ ਵਿਚ ਪੈਣ ਦੀ ਲੋੜ ਨਹੀਂ। ਇਸ ਵੰਡਪਾਊ ਰਾਹ ਤੋਂ ਫਾਇਦਾ ਅਮੀਰ ਆਦਮੀਆਂ ਨੂੰ ਹੀ ਹੋਣਾ ਹੈ। ਇਕ ਗਰੀਬ ਆਦਮੀ ਚਾਹੇ ਉਹ ਮੁਸਲਮਾਨ, ਹਿੰਦੂ ਜਾਂ ਸਿੱਖ ਹੋਵੇ (ਜਿਨ੍ਹਾਂ ਸਿੱਖਾਂ ਦੀਆਂ ਅੱਖਾਂ ਤੇ ਅਮੀਰੀ ਤੇ ਹੰਕਾਰ ਕਾਰਨ ਮਾਸ ਚੜ੍ਹ ਗਿਆ ਹੈ ਉਹ ਸ਼ਾਇਦ ਯਕੀਨ ਨਾ ਕਰਨ ਪਰ ਹਿੰਦੁਸਤਾਨ ਵਿਚ ਵਸਦੇ ਆਮ ਲੋਕਾਂ ਵਾਂਗ ਬਹੁਤੇ ਸਿੱਖ ਵੀ ਅਤਿ ਦਰਜੇ ਦੇ ਗਰੀਬ ਹਨ) ਉਸ ਨੂੰ ਇਸ ਤਰ੍ਹਾਂ ਦੀਆਂ ਲੜਾਈਆਂ 'ਚੋਂ ਨਾ ਪਹਿਲਾਂ ਕੁੱਝ ਮਿਲਿਆ ਹੈ ਨਾ ਹੁਣ ਕੁੱਝ ਮਿਲਣਾ ਹੈ। ਸਾਡੇ ਸਾਹਮਣੇ ਬੜੀ ਸਾਫ ਤੇ ਠੋਸ ਮਿਸਾਲ ਪਾਕਿਸਤਾਨ ਦੀ ਹੈ। ਪਾਕਿਸਤਾਨ ਧਰਮ ਦੇ ਆਧਾਰ ਤੇ ਬਣਿਆ ਸੀ। ਕੀ ਉਥੇ ਸਾਰੇ ਲੋਕ ਇਕੋ ਜਿਹਾ ਖਾਂਦੇ ਹਨ? ਇਕੋ ਜਿਹਾ ਰਹਿੰਦੇ ਹਨ? ਕੀ ਉਥੇ 'ਸਭ ਠੀਕ ਠਾਕ' ਹੈ? ਕੀ ਉਥੇ ਗਰੀਬ ਦਾ ਹਰ ਤਰ੍ਹਾਂ ਬੁਰਾ ਹਾਲ ਨਹੀਂ? ਧਰਮ ਦੇ ਨਾਂ ਤੇ ਦੇਸ਼ ਉਸਾਰਨ ਵਾਲਿਆਂ ਦੀਆਂ ਗੱਲਾਂ ਵਿਚ ਆਉਣ ਤੋਂ ਪਹਿਲਾਂ ਹਰ ਕਿਸੇ ਨੂੰ ਇਹਨਾਂ ਸਵਾਲਾਂ ਬਾਰੇ ਸੋਚਣਾ ਚਾਹੀਦਾ ਹੈ।

'ਸਿੱਖ ਇਕ ਕੌਮ ਹਨ' ਜਾਂ ਨਹੀਂ ਇਸ ਨਾਲ ਇਕ ਗਰੀਬ ਦੀ ਸਿਹਤ ਤੇ ਕੋਈ ਅਸਰ ਨਹੀਂ ਪੈਣਾ। ਉਹਦੀ ਸਿਹਤ 'ਤੇ ਸਿਰਫ਼ ਉਦੋਂ ਅਸਰ ਪਏਗਾ ਜਦੋਂ ਉਹ ਹੋਰ ਆਪਣੇ ਵਰਗੇ ਪੀੜ੍ਹਤ ਲੋਕਾਂ ਨਾਲ ਮਿਲ ਕੇ ਇਕ ਵੱਖਰੇ ਸਮਾਜ ਦੀ ਉਸਾਰੀ ਕਰੇਗਾ। ਲੋਕਾਂ ਨੂੰ ਲੋੜ ਹੈ ਚੰਗੇ ਇੱਜ਼ਤਦਾਰ ਜੀਵਨ ਦੀ, ਚੰਗੀਆਂ ਨੌਕਰੀਆਂ ਦੀ, ਰਹਿਣ ਲਈ ਚੰਗੇ ਘਰਾਂ ਦੀ, ਜੀਵਨ ਦੀਆਂ ਹੋਰ ਸਹੂਲਤਾਂ ਦੀ, ਤੇ ਇਹ ਸਭ ਕੁੱਝ ਮੌਜੂਦਾ ਨਿਜ਼ਾਮ [illegible] ਸਿਸਟਮ ਦਾ ਹੱਥ ਠੋਕਾ ਬਣਦਾ ਹੈ ਜਿਹਦੇ ਨਾਲ ਲੋਕਾਂ ਦੀ ਸ਼ਕਤੀ ਟੁਕੜੇ ਟੁਕੜੇ ਹੋ ਕੇ ਹੋਰਨੀਂ ਪਾਸੀਂ ਲੱਗੀ ਰਹੇ। ਲੋਕਾਂ ਨੂੰ ਪਾੜ ਕੇ ਰੱਖਣ ਦਾ ਸੱਭ ਤੋਂ ਸੌਖਾ ਤੇ ਵਧੀਆ ਤਰੀਕਾ ਹੈ ਉਹਨਾਂ ਨੂੰ ਧਰਮ, ਰੰਗ, ਨਸਲਾਂ ਤੇ ਇਲਾਕਿਆਂ ਦੇ ਨਾਂ ਤੇ ਉਲਝਾਉਣਾ। ਇਸ ਲਈ ਸਾਡੇ ਸਾਰਿਆਂ ਲਈ ਇਹ ਬਹੁਤ ਜ਼ਰੂਰੀ ਹੈ ਕਿ ਕਿਸੇ ਵੀ ਨਾਹਰੇ ਦੇ ਮਗਰ ਲੱਗਣ ਤੋਂ ਪਹਿਲਾਂ ਉਹਦੇ ਬਾਰੇ ਪੂਰੀ ਤਰ੍ਹਾਂ ਸੋਚ ਵਿਚਾਰ ਕੀਤੀ ਜਾਵੇ। ਸੋਚੇ ਸਮਝੇ ਤੋਂ ਬਿਨਾਂ ਇਕ ਦੂਜੇ ਦੇ ਪਿਛੇ ਲੱਗੇ ਰਹਿਣਾ ਭੇਡਾਂ ਦਾ ਕੰਮ ਹੁੰਦਾ ਹੈ ਬੰਦਿਆਂ ਦਾ ਨਹੀਂ।

o o o

# ISLAND INSURANCE AGENCY LTD.

**Before You Insure It
Or Renew Your Existing Policy
See Us First**

ਹਰ ਕਿਸਮ ਦੇ ਬੀਮੇ ਲਈ ਤੁਹਾਡੇ ਸੁਘੜ
ਅਤੇ ਤਜਰਬੇਕਾਰ ਸਹਾਇਕ:-

ਮਲਕੀਤ ਸਿੰਘ ਅਠਵਾਲ



**WE OFFER A COMPLETE INSURANCE SERVICE 12 MONTHS A YEAR.**

* Need Life Insurance
* Accident and Sickness Policy
* Business
* Commercial; Big or Small
  I Can Handle All
* Homeowner
* R.R.S.P.
* Travel Insurance
* And All Other Kinds of Insurance Needs

**MALKIAT SINGH ATHWAL**
FIELD MANAGER

**BUS: 278-3707**
**278-2515**
**RES: 271-1490**

***For All Your Insurance Needs***

## Give me a call'n see the difference.

**COMPLETE INSURANCE SERVICE SINCE 1917**

## ISLAND INSURANCE AGENCY LTD.

**6700 No. 3 Road Phone 278-2515
Richmond, B.C. V6Y 2C3**

# ਬੰਬੇ ਸਵੀਟ ਮੈਨੂਫੈਕਚਰਰ

**4405 MAIN ST., VANCOUVER, B.C.**

ਵਲੋਂ

## • ਖੁਸ਼ਖਬਰੀ •

ਤੁਹਾਡੀ ਸਹੂਲਤ ਨੂੰ ਮੁੱਖ ਰੱਖਦਿਆਂ ਹੋਇਆਂ
ਬੰਬੇ ਸਵੀਟ ਨੇ ਇਕ ਹੋਰ ਬਰਾਂਚ ਪੰਜਾਬੀਆਂ ਦੇ ਗੜ੍ਹ - ਪੰਜਾਬੀ ਮਾਰਕਿਟ ਵਿਚ
**6545 MAIN ST., (NEAR 49TH. AVE) ਦੇ ਕੋਲ ਖੋਲ੍ਹ ਦਿੱਤੀ ਹੈ**

ਉਥੇ ਸਾਰੀਆਂ ਭਾਰਤੀ ਮਠਿਆਈਆਂ - ਅਤੇ ਭਾਰਤੀ ਸਵਾਦੀ ਖਾਣੇ - ਜਿਵੇਂ ਕਿ,

• ਛੋਲੇ ਭਟੂਰੇ • ਸਮੋਸੇ • ਆਲੂ ਟਿੱਕੀ • ਕਰਾਰੇ ਕਰਾਰੇ ਗੋਲਗੱਪੇ ਆਦਿ ਆਦਿ.........ਅਤੇ ਹੋਰ ਬਹੁਤ ਕੁਝ ਹਰ ਸਮੇਂ ਤਿਆਰ ਮਿਲੇਗਾ

ਓਪਨਿੰਗ ਤੇ ਸਪੈਸ਼ਲ ਸਪੈਸ਼ਲ ਸੇਲ ਹੋਏਗੀ

**ਇਸ ਦਿਨ ਚਾਹ ਤੇ ਮਠਿਆਈ ਦੇ ਭੰਡਾਰ ਮੁਫਤ ਵਰਤਾਏ ਜਾਣਗੇ**

ਹੁਮ ਹੁਮਾ ਕੇ ਪੁੱਜੋ ਤੇ ਪੇਟ ਭਰ ਕੇ ਮੁਫਤ ਮਠਿਆਈ ਖਾਓ - ਓਪਨਿੰਗ ਦੀ ਤਰੀਕ ਹੇਠ ਲਿਖੇ ਫੂਨਾਂ ਤੇ ਪਤਾ ਕਰੋ

**874-5722**
**321-1414**

## BOMBAY SWEET MANUFACTURER

**4405 MAIN ST. (AT 28TH. AVE)**
**VANCOUVER — TEL. 874-5722**

**6545 MAIN ST. (AT 49TH. AVE)**
**VANCOUVER, TEL. 321-1414**

ਪੰਜਾਬੀ ਦਾ ਸਾਹਿੱਤਕ ਤੇ ਸੱਭਿਆਚਾਰਕ ਦੋ ਮਾਸਕ ਪੱਤਰ

**WATNO DUR**
P.O. BOX 67681 STN. "O"
VANCOUVER, B.C. V5W 3V2
Second class mail Reg. No. 3233

TO

ਸਥਾਈ ਕਾਲਮ

## ਨੋਕਝੋਕ

## ਸੌਦੇਬਾਜ਼ੀ ਕਿ ਜ਼ਿਮੇਵਾਰੀ

ਸਪਤਾਹਕ ਅਖਬਾਰਾਂ ਅਤੇ ਕੁੱਝ ਹਿੰਦੁਸਤਾਨ ਵਿਚ ਛੱਪਦੇ ਮਾਸਿਕ ਪੱਤਰਾਂ ਵਿਚ ਵਿਆਹਾਂ ਲਈ ਏਸ ਤਰ੍ਹਾਂ ਦੇ ਇਸ਼ਤਿਹਾਰ ਆਮ ਪੜ੍ਹਨ ਨੂੰ ਮਿਲਦੇ ਹਨ :- 21 ਸਾਲਾਂ ਤੋਂ ਉਪਰ ਵਿਜ਼ਿਟਰ ਜਾਂ ਦੇਸ਼ ਰਹਿ ਗਏ ਮੁੰਡੇ ਜਾਂ ਕੁੜੀ ਲਈ ਕੈਨੇਡਾ ਵਿਚ ਪੱਕੇ ਤੌਰ ਤੇ ਰਹਿ ਰਹੇ ਮੁੰਡੇ ਜਾਂ ਕੁੜੀ ਦੀ ਜ਼ਰੂਰਤ ਹੈ। ਇਸ ਦੇ ਬਦਲੇ ਵਿਜ਼ਿਟਰ ਆਏ ਜਾਂ ਦੇਸ਼ ਰਹਿ ਗਏ ਮੁੰਡੇ ਜਾਂ ਕੁੜੀ ਵਾਲੇ ਕੁੜੀ ਘਰ ਦੇ ਕਿਸੇ ਵੀ ਮੁੰਡੇ ਜਾਂ ਕੁੜੀ ਨੂੰ ਦੇਸੋਂ ਮੰਗਾ ਜਾਂ ਏਥੇ ਆਏ ਕਿਸੇ ਵਿਜ਼ਿਟਰ ਨੂੰ ਪੱਕੀ ਕਰਾ ਸਕਦੇ ਹਨ। ਭਾਵੇਂ ਉਹ ਉਹਨਾਂ ਦੇ ਮੁੰਡੇ ਕੁੜੀ ਦੇ ਯੋਗ ਹੋਵੇ ਜਾਂ ਨਾ। ਉਸ ਦੀ ਯੋਗਤਾ ਇਹ ਹੀ ਹੈ ਕਿ ਕੀ ਉਸਦਾ ਪ੍ਰੀਵਾਰ ਜਾਂ ਕੋਈ ਹੋਰ ਜ਼ਿਮੇਵਾਰ ਰਿਸ਼ਤਿਆਂ ਦਾ ਕੋਈ ਮੁੰਡਾ ਜਾਂ ਕੁੜੀ ਕੈਨੇਡਾ ਮੰਗਾ ਜਾਂ ਪੱਕੀ ਕਰਾ ਸਕਦੇ ਹਨ ਕਿ ਨਹੀਂ। ਇਸ ਇਸ਼ਤਿਹਾਰ ਨੂੰ ਸਾਧਾਰਣ ਨਜ਼ਰੇ ਪੜ੍ਹਿਆਂ ਇਕ ਸਵਾਲ ਉਠਦਾ ਹੈ ਕਿ ਕੀ ਇਹ ਜ਼ਿਮੇਵਾਰੀ ਦੇ ਰਹੀ ਹੈ ਜਾਂ ਸੌਦਾ?

ਏਥੇ ਆਏ ਕਿਸੇ ਵੀ ਪ੍ਰੀਵਾਰ ਲਈ ਆਪਣੇ ਪਿੱਛੇ ਰਹਿ ਗਏ ਕਿਸੇ ਇਕ ਜੀਅ ਨੂੰ ਏਥੇ ਮੰਗਾਉਣ ਲਈ ਕੋਸ਼ਿਸ਼ ਕਰਨਾ ਬਣਦਾ ਹੈ। ਪਰ ਇਸ ਬਦਲੇ ਉਸ ਹੀ ਪ੍ਰੀਵਾਰ ਦੇ ਕਿਸੇ ਛੋਟੇ ਮੁੰਡੇ ਜਾਂ ਕੁੜੀ ਦੀ ਬਲੀ ਦੇਣਾ ਕਿੱਥੋਂ ਤਕ ਠੀਕ ਹੈ? ਇਹੋ ਜਿਹੇ ਸੌਦਿਆਂ ਵਰਗੀਆਂ ਜ਼ਿਮੇਵਾਰੀਆਂ ਕਰਨ ਲੱਗਿਆਂ ਮਾਪਿਆਂ ਨੂੰ ਏਥੇ ਆਮ ਵਾਪਰਦੀਆਂ ਘਟਨਾਵਾਂ ਜਿਵੇਂ :- ਟੁੱਟ ਰਹੇ ਵਿਆਹ, ਨੌਜਵਾਨ ਵਿਆਹੀਆਂ ਕੁੜੀਆਂ ਦੇ ਕਤਲ, ਉਹਨਾਂ ਦੀ ਮਾਰ ਕੁੱਟ, ਨੌਜਵਾਨ ਮੁੰਡਿਆਂ ਦੀ ਮਾਨਸਿਕ ਟੁੱਟ ਭੱਜ ਆਦਿ ਬਾਰੇ ਸੋਚ ਲੈਣਾ ਚਾਹੀਦਾ ਹੈ। ਇਹਨਾਂ ਸੌਦਿਆਂ ਵਿਚ ਬਲੀ ਦਾ ਬੱਕਰਾ ਬਣਦੇ ਮੁੰਡੇ ਕੁੜੀਆਂ ਨੂੰ ਵੀ ਇਹਨਾਂ ਵਿਆਹਾਂ ਦਾ ਵਿਰੋਧ ਕਰਨਾ ਚਾਹੀਦਾ ਹੈ। ਕਿਉਂਕਿ ਉਹ ਉਨ੍ਹਾਂ ਲਈ ਇਕ ਦਿਨ ਦੀ ਮੁਸ਼ਕਲ ਨਹੀਂ ਸਗੋਂ ਹਰ ਰੋਜ਼ ਦੀ ਮੁਸ਼ਕਲ ਹੈ। ੦ ੦

## ਕਤਲ ਤੇ ਵਾਰਦਾਤਾਂ

- ਸਰੀ ਵਿੱਚ ਇਕ ਮਾਸੂਮ ਬੱਚੀ ਤੇ ਭਰ ਜਵਾਨ ਔਰਤ ਦਾ ਕਤਲ ਕੀਤਾ ਗਿਆ
- ਆਪਣੇ ਸਹੁਰਿਆਂ ਦੇ ਆਖੇ ਨਾ ਲੱਗਣ ਕਾਰਨ (ਆਪਣੇ ਪਤੀ ਨੂੰ ਤਲਾਕ ਦੇ ਕੇ, ਉਸਦੇ ਭਰਾ ਨੂੰ ਵਿਆਹ ਦੇ ਬਹਾਨੇ ਕੈਨੇਡਾ ਮੰਗਾਉਣ ਲਈ ਰਜ਼ਾਮੰਦ ਨਾ ਹੋਣ ਕਾਰਨ) ਇਕ ਨਵ-ਵਿਆਹੀ ਯੁਵਤੀ ਨੂੰ ਵਾਪਸ ਭਾਰਤ ਭੇਜਿਆ ਜਾ ਰਿਹਾ ਸੀ ਪਰ ਹਵਾਈ ਅੱਡੇ ਉਪਰ ਉਸ ਯੁਵਤੀ ਨੂੰ ਅਚਾਨਕ ਉਹਦੇ ਪੇਕੂ ਮਿਲ ਪਏ। ਜੋ ਸਾਰੀ ਗੱਲ ਸਮਝਣ ਬਾਅਦ ਉਸਨੂੰ ਆਪਣੇ ਘਰ ਲੈ ਆਏ।
- ਭਾਰਤ ਤੋਂ ਆਏ ਇਕ ਯੁਵਕ ਨੇ ਇਥੇ ਕੈਨੇਡਾ ਵਿੱਚ ਪੱਕੇ ਤੌਰ ਤੇ ਰਹਿ ਰਹੀ ਪੰਜਾਬਣ ਕੁੜੀ ਨਾਲ ਸ਼ਾਦੀ ਕੀਤੀ ਸੀ। ਕੁਝ ਸਮੇਂ ਤੋਂ ਮੁੰਡਾ ਲਾ ਪਤਾ ਹੈ। ਕੋਈ ਉੱਘ-ਸੁੱਘ ਨਹੀਂ। ਜਿਉਂਦਾ ਹੈ ਜਾਂ ਮੁਰਦਾ।

— ਬਾਕੀ ਸਫਾ ੨੮ ਤੇ

WATNO DUR (Far from the Motherland) is a literary and cultural bi-monthly of PANJABI – the mother-tongue of East Panjab (India) and West Panjab (Pakistan) – published by WATNO DUR PUBLICATIONS (Reg'd). WATNO DUR has been serving Canadian readers since July, 1973. The contributors include well-known Panjabi writers from Canada, India, Pakistan and England.

**WATNO DUR**
P.O. BOX 67681 STN. "O"
VANCOUVER, B.C.
V5W 3V2